# Punjab Government Gazette

## EXTRAORDINARY

*Published by Authority*

CHANDIGARH, MONDAY, JANUARY 19, 2026

(PAUSA 29, 1947 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ I | **ਐਕਟ** | |
| | 1. ਪੰਜਾਬ ਘੋੜ ਦੌੜ (ਵਿਨਿਯਮ ਅਤੇ ਪ੍ਰਬੰਧਨ) ਐਕਟ, 2013 (2014 ਦਾ ਪੰਜਾਬ ਐਕਟ ਨੰ. 3) | ...51-62 |
| | 2. ਪੰਜਾਬ ਕਲੀਨਿਕਲ ਸਥਾਪਨਾਵਾਂ (ਰਜਿਸਟਰੀਕਰਨ ਅਤੇ ਵਿਨਿਯਮ) ਐਕਟ, 2020 (2020 ਦਾ ਪੰਜਾਬ ਐਕਟ ਨੰ. 17) | ...63-92 |
| ਭਾਗ II | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ III | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ IV | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


———

**ਭਾਗ–I**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 19 ਜਨਵਰੀ, 2026

ਨੰ: 06/ਭ.ਕ./2026.– ਪੰਜਾਬ ਘੋੜ ਦੌੜ (ਵਿਨਿਯਮ ਅਤੇ ਪ੍ਰਬੰਧਨ) ਐਕਟ, 2013 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6–ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 19th January, 2026

**No. 06/L.C./2026.**- The Translation in Punjabi of the Punjab Horse Race (Regulation and Management) Act, 2013 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਪੰਜਾਬ ਘੋੜ ਦੌੜ (ਵਿਨਿਯਮ ਅਤੇ ਪ੍ਰਬੰਧਨ) ਐਕਟ, 2013

(2014 ਦਾ ਪੰਜਾਬ ਐਕਟ ਨੰ: 3)

ਘੋੜ ਦੌੜ ਦੇ ਮੈਦਾਨਾਂ, ਸ਼ਰਤਬਾਜ਼ੀ ਸਰਗਰਮੀਆਂ ਅਤੇ ਪਲਚਤ ਮੱਧਵਰਤੀਆਂ ਨੂੰ ਸਥਾਪਤ, ਪ੍ਰਬੰਧਨ ਅਤੇ ਅਮਲ ਕਰਨ ਲਈ ਉਪਬੰਧ ਕਰਨ ਲਈ ਅਤੇ ਘੋੜ ਦੌੜ ਦੇ ਮੈਦਾਨਾਂ ਤੇ ਘੋੜਿਆਂ ਦੀਆਂ ਦੌੜਾਂ ਦੇ ਲਸੰਸ, ਵਿਨਿਯਮਨ, ਕੰਟਰੋਲ ਅਤੇ ਪ੍ਰਬੰਧਨ ਕਰਨ, ਘੋੜ ਦੌੜ ਦੇ ਮੈਦਾਨਾਂ ਤੇ ਘੋੜਿਆਂ ਦੀ ਦੇਖਭਾਲ ਅਤੇ ਰੱਖ–ਰਖਾਅ, ਘੋੜ ਦੌੜ ਦੇ ਮੈਦਾਨਾਂ ਅਤੇ ਘੋੜ ਦੌੜ ਦੇ ਮੈਦਾਨਾਂ ਤੋਂ ਬਾਹਰ ਜਾਂ ਹੋਰ ਤਰ੍ਹਾਂ ਨਾਲ ਸ਼ਰਤਬਾਜ਼ੀ ਸਰਗਰਮੀਆਂ, ਘੋੜਿਆਂ ਦੀ ਪ੍ਰਦਰਸ਼ਨੀ ਅਤੇ ਘੋੜ ਦੌੜ ਦੀਆਂ ਹੋਰ ਪ੍ਰਕਿਰਿਆਵਾਂ ਅਤੇ ਇਸ ਨਾਲ ਸਬੰਧਤ ਅਤੇ ਇਸ ਨਾਲ ਅਨੁਸੰਗਕ ਮਾਮਲਿਆਂ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਚੌਂਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਘੋੜ ਦੌੜ (ਵਿਨਿਯਮ ਅਤੇ ਪ੍ਰਬੰਧਨ) ਐਕਟ, 2013 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਸ ਦਾ ਵਿਸਤਾਰ ਸਾਰੇ ਪੰਜਾਬ ਰਾਜ 'ਤੇ ਹੈ।

(3) ਇਹ ਉਸ ਤਰੀਕ ਤੋਂ ਨਾਫ਼ਜ਼ ਹੋਵੇਗਾ ਜੋ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਨਿਯਤ ਕਰੇ ਅਤੇ ਇਸ ਐਕਟ ਦੇ ਵੱਖ–ਵੱਖ

ਉਪਬੰਧਾਂ ਲਈ ਵੱਖ-ਵੱਖ ਤਰੀਕਾਂ ਨਿਯਤ ਕੀਤੀਆਂ ਜਾ ਸਕਦੀਆਂ ਹਨ ਅਤੇ ਵੱਖ ਵੱਖ ਥਾਵਾਂ ਤੇ ਵੱਖ ਵੱਖ ਉਪਬੰਧ ਲਾਗੂ ਕੀਤੇ ਜਾ ਸਕਦੇ ਹਨ।

ਪਰਿਭਾਸ਼ਾਵਾਂ। 2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) "ਸ਼ਰਤਬਾਜ਼ੀ" ਜਾਂ "ਸ਼ਰਤਬਾਜ਼ੀ ਸਰਗਰਮੀ" ਦਾ ਮਤਲਬ ਹੋਵੇਗਾ ਅਤੇ ਇਸ ਵਿੱਚ ਘੋੜ ਦੌੜ ਦੌਰਾਨ ਅਜਿਹੀਆਂ ਸਾਰੀਆਂ ਸਰਗਰਮੀਆਂ ਸ਼ਾਮਲ ਹਨ, ਜਿਸ ਦੇ ਅਨੁਸਰਣ ਵਿੱਚ ਭਾਵੇਂ ਘੋੜ ਦੌੜ ਦੇ ਮੈਦਾਨ ਤੇ ਜਾਂ ਘੋੜ ਦੌੜ ਦੇ ਮੈਦਾਨਾਂ ਤੋਂ ਬਾਹਰ ਜਾਂ ਤਾਂ ਲਸੰਸਸ਼ੁਦਾ ਜੂਆ-ਵਪਾਰੀ ਜਾਂ ਕਿਸੇ ਅਧਿਕਾਰਤ ਮਕੈਨੀਕਲ ਜਾਂ ਇਲੈਕਟ੍ਰਾਨਿਕ ਮਾਧਿਅਮ ਜਾਂ ਕਿਸੇ ਹੋਰ ਅਧਿਕਾਰਤ ਮੱਧਵਰਤੀ ਦੁਆਰਾ ਘੋੜ ਦੌੜ ਦੇ ਨਤੀਜੇ 'ਤੇ ਸਿੱਧੇ ਜਾਂ ਅਸਿੱਧੇ ਤੌਰ ਤੇ ਵਿੱਤੀ ਲਾਭ ਜਾਂ ਇਨਾਮ ਦੀ ਆਸ ਵਿੱਚ ਇੱਕ ਸ਼ਰਤ ਜਾਂ ਸ਼ਰਤ ਬਿਦਣਾ ਦਾਅ ਲਗਾਇਆ ਜਾਂਦਾ ਹੈ;

(ਅ) "ਜੂਆ-ਵਪਾਰੀ" ਜਾਂ "ਸੱਟੇਬਾਜ਼" ਦਾ ਮਤਲਬ ਹੈ ਇੱਕ ਸੰਗਠਨ ਜਾਂ ਇੱਕ ਵਿਅਕਤੀ ਜੋ ਸਹਿਮਤੀ ਨਾਲ ਘੋੜ ਦੌੜ 'ਤੇ ਦਾਅ ਲਗਾਉਂਦਾ ਹੈ;

(ੲ) "ਘੋੜ ਦੌੜ" ਦਾ ਮਤਲਬ ਹੈ ਕੋਈ ਦੌੜ ਜਿਸ ਵਿੱਚ ਕੋਈ ਵੀ ਘੋੜਾ, ਘੋੜੀ, ਟੱਟੂ ਜਾਂ ਖੱਸੀ ਘੋੜੇ ਨੂੰ ਕਿਸੇ ਵੀ ਹੋਰ ਘੋੜੇ, ਘੋੜੀ, ਟੱਟੂ ਜਾਂ ਖੱਸੀ ਘੋੜੇ ਨਾਲ ਕਿਸੇ ਵੀ ਪ੍ਰਕਾਰ ਜਾਂ ਕਿਸਮ ਦੇ ਇਨਾਮ ਲਈ ਜਾਂ ਕਿਸੇ ਵੀ ਅਜਿਹੇ ਘੋੜੇ, ਘੋੜੀ, ਟੱਟੂ ਜਾਂ ਖੱਸੀ ਘੋੜੇ ਜਾਂ ਉਸ ਦੇ ਸਵਾਰ ਦੇ ਸਬੰਧ ਵਿੱਚ ਲਗਾਈ ਗਈ ਜਾਂ ਲਗਾਈ ਜਾਣ ਵਾਲੀ ਕਿਸੇ ਵੀ ਸ਼ਰਤ ਜਾਂ ਸ਼ਰਤ ਬਿਦਣਾ ਲਈ ਪਰੀਖਿਆ ਵਿੱਚ ਦੌੜਦਾ ਹੈ ਜਾਂ ਦੌੜਾਇਆ ਜਾਂਦਾ ਹੈ ਅਤੇ ਜਿਸ ਵਿੱਚ ਵੀਹ ਜਾਂ ਵੱਧ ਵਿਅਕਤੀ ਜਾਂ ਤਾਂ ਸਰੀਰਕ ਤੌਰ 'ਤੇ ਮੌਜੂਦ ਹੋਣਗੇ ਜਾਂ ਕਿਸੇ ਵੀ ਵਿਧੀ, ਇਲੈਕਟ੍ਰਾਨਿਕ ਜਾਂ ਹੋਰ ਤਰੀਕੇ ਨਾਲ ਅਜਿਹੀ ਦੌੜ ਨੂੰ ਦੇਖਣ ਅਤੇ ਭਾਗ ਲੈਣ ਲਈ ਜੁੜੇ ਹੋਣਗੇ;

(ਸ) "ਮੱਧਵਰਤੀ" ਦਾ ਮਤਲਬ ਘੋੜ ਦੌੜ ਨਾਲ ਸਿੱਧੇ ਜਾਂ ਅਸਿੱਧੇ ਤੌਰ ਤੇ ਜੁੜਿਆ ਵਿਅਕਤੀ ਹੈ ਜਿਸ ਵਿੱਚ ਸੱਟੇਬਾਜ਼, ਜੂਆ ਵਪਾਰੀ, ਘੋੜਿਆਂ ਦੇ ਮਾਲਕ, ਘੋੜਿਆਂ ਦੀਆਂ ਦੌੜਾਂ ਦੇ ਸੰਗਠਨਕਰਤਾ, ਇਸ਼ਤਿਹਾਰ ਦੇਣ ਵਾਲੇ, ਘੋੜ ਦੌੜ ਮੈਦਾਨ 'ਤੇ ਜਾਂ ਘੋੜ ਦੌੜ ਮੈਦਾਨ ਤੋਂ ਬਾਹਰ ਜੋੜਕਾਰ ਯੰਤਰਾਂ ਦੇ ਮਾਲਕ ਅਤੇ ਸਹੂਲਤ ਪ੍ਰਦਾਤਾ ਸ਼ਾਮਲ ਹਨ ਪਰ ਇਨ੍ਹਾਂ ਤੱਕ ਸੀਮਤ ਨਹੀਂ ਹਨ;

(ਹ) "ਲਸੰਸ " ਦਾ ਮਤਲਬ ਹੈ ਧਾਰਾ 5 ਅਧੀਨ ਜਾਰੀ ਕੀਤਾ ਗਿਆ ਲਸੰਸ;

(ਕ) "ਲਸੰਸਧਾਰੀ" ਦਾ ਮਤਲਬ ਹੈ ਉਹ ਵਿਅਕਤੀ ਜਿਸ ਨੂੰ ਧਾਰਾ 5 ਅਧੀਨ ਲਸੰਸ ਜਾਰੀ ਕੀਤਾ ਜਾਂਦਾ ਹੈ;

(ਖ) "ਘੋੜ ਦੌੜ ਮੈਦਾਨ ਤੋਂ ਬਾਹਰ" ਦਾ ਮਤਲਬ ਹੈ ਇੱਕ ਸਥਾਨ ਜਿਵੇਂ ਖੰਡ (ਢ) ਦੇ ਉਪ-ਖੰਡ (ii) ਵਿੱਚ ਦਰਸਾਇਆ ਗਿਆ ਹੈ;

(ਗ) "ਘੋੜ ਦੌੜ ਮੈਦਾਨ" ਦਾ ਮਤਲਬ ਹੈ ਇੱਕ ਸਥਾਨ ਜਿਵੇਂ ਖੰਡ (ਢ) ਦੇ ਉਪ-ਖੰਡ (i) ਵਿੱਚ ਦਰਸਾਇਆ ਗਿਆ ਹੈ;

(ਘ) "ਪਰਮਿਟ" ਦਾ ਮਤਲਬ ਹੈ ਧਾਰਾ 6 ਅਧੀਨ ਕਿਸੇ ਮੱਧਵਰਤੀ ਨੂੰ ਜਾਰੀ ਕੀਤਾ ਗਿਆ ਪਰਮਿਟ;

(ਙ) "ਪਰਮਿਟ ਧਾਰਕ" ਦਾ ਮਤਲਬ ਹੈ ਇੱਕ ਵਿਅਕਤੀ ਜਿਸ ਨੂੰ ਧਾਰਾ 6 ਅਧੀਨ ਪਰਮਿਟ ਜਾਰੀ ਕੀਤਾ ਜਾਂਦਾ ਹੈ;

(ਚ) "ਵਿਅਕਤੀ" ਦਾ ਮਤਲਬ ਹੈ ਅਤੇ ਇਸ ਵਿੱਚ ਕੁਦਰਤੀ ਵਿਅਕਤੀ, ਕੋਈ ਕੰਪਨੀ ਜਾਂ ਸਭਾ ਜਾਂ ਵਿਅਕਤੀਆਂ ਦੀ ਬੌਡੀ ਸ਼ਾਮਲ ਹੋਵੇਗੀ, ਭਾਵੇਂ ਉਹ ਨਿਗਮਤ ਹੋਵੇ ਜਾਂ ਨਾ;

(ਛ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਜ) "ਦਾਅ ਲਾਉਣ ਵਾਲਾ" ਦਾ ਮਤਲਬ ਹੈ ਇੱਕ ਸੰਗਠਨ ਜਾਂ ਵਿਅਕਤੀ ਜੋ ਕਿਸੇ ਜੂਆ ਵਪਾਰੀ ਦੇ ਵਿਰੁੱਧ ਜਾਂ ਜੋੜਕਾਰ ਯੰਤਰਾਂ ਰਾਹੀਂ ਘੋੜ ਦੌੜ ਦੇ ਨਤੀਜੇ 'ਤੇ ਸ਼ਰਤ ਲਗਾਉਂਦਾ ਹੈ;

(ਝ) "ਦੌੜ ਕਲੱਬ" ਦਾ ਮਤਲਬ ਹੈ ਅਤੇ ਇਸ ਵਿੱਚ ਵਿਅਕਤੀਆਂ ਦੀ ਇੱਕ ਸੰਸਥਾ, ਭਾਵੇਂ ਇਹ ਨਿਗਮਤ ਹੋਵੇ ਜਾਂ ਨਾ, ਸੋਸਾਇਟੀ, ਕਲੱਬ ਜਾਂ ਹੋਰ ਸਭਾ,-

(i) ਘੋੜ ਦੌੜ ਨੂੰ ਉਤਸ਼ਾਹਿਤ ਕਰਨ ਜਾਂ ਦੌੜ ਇਕੱਤਰਤਾਵਾਂ ਕਰਨ ਦੇ ਪ੍ਰਯੋਜਨ ਲਈ ਬਣਾਈ ਗਈ; ਜਾਂ

(ii) ਅਜਿਹੀਆਂ ਇਕੱਤਰਤਾਵਾਂ ਦਾ ਸੰਚਾਲਨ ਜਾਂ ਕੰਟਰੋਲ ਕਰਨਾ;

ਸ਼ਾਮਲ ਹੈ;

(ਢ) "ਘੋੜ ਦੌੜ ਮੈਦਾਨ" ਦਾ ਮਤਲਬ ਹੈ,-

(i) ਕੋਈ ਵੀ ਮੈਦਾਨ ਜਿਸ 'ਤੇ ਘੋੜ ਦੌੜ ਕਰਵਾਈ ਜਾਂ ਸੰਗਠਤ ਕਰਨ ਲਈ ਯੋਜਨਾ ਬਣਾਈ ਜਾ ਸਕਦੀ ਹੋਵੇ; ਜਾਂ

(ii) ਕਿਸੇ ਵੀ ਵਿਧੀ ਜਾਂ ਯੰਤਰ ਦੁਆਰਾ ਕਿਸੇ ਹੋਰ ਅਜਿਹੇ ਮੈਦਾਨ ਨਾਲ ਜੁੜਿਆ ਇੱਕ ਸਥਾਨ, ਭਾਵੇਂ ਅਜਿਹੇ ਮੈਦਾਨ ਤੋਂ ਬਾਹਰ ਸਥਿਤ ਹੋਵੇ, ਜਿੱਥੇ ਕਿਸੇ ਵਿਅਕਤੀ ਨੂੰ ਖ਼ਰਚੇ ਜਾਂ ਫ਼ੀਸ ਦੇ ਬਦਲੇ ਘੋੜ ਦੌੜ ਦੇ ਸਿੱਧੇ ਪ੍ਰਸਾਰਣ ਦੇ ਆਧਾਰ 'ਤੇ ਦੇਖਣ ਲਈ ਇਜਾਜ਼ਤ ਦਿੱਤੀ ਜਾਂਦੀ ਹੈ ਅਤੇ ਸ਼ਰਤਬਾਜ਼ੀ ਵਿੱਚ ਹਿੱਸਾ ਲੈਣ ਦੀ ਵੀ ਇਜਾਜ਼ਤ ਹੁੰਦੀ ਹੈ।

(ਟ) "ਧਾਰਾ" ਦਾ ਮਤਲਬ ਹੈ ਇਸ ਐਕਟ ਦੀ ਧਾਰਾ;

(ਠ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਵਿੱਚ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ;

(ਡ) ਇੱਕ ਘੋੜ ਦੌੜ ਕਲੱਬ ਦੇ ਸਬੰਧ ਵਿੱਚ "ਰਸਦ-ਪ੍ਰਬੰਧਕ" ਵਿੱਚ,-

(i) ਦੌੜ ਕਲੱਬ ਦੇ ਸੰਗਠਨ ਨਾਲ ਜੁੜਿਆ ਹੋਇਆ; ਜਾਂ

(ii) ਦੌੜ ਕਲੱਬ ਦੇ ਪ੍ਰਬੰਧਨ ਅਤੇ ਜ਼ਿੰਮੇਵਾਰ ਜਾਂ ਤੱਤ ਸਮੇਂ ਲਈ ਇੰਚਾਰਜ;

ਕੋਈ ਵਿਅਕਤੀ ਸ਼ਾਮਲ ਹੈ; ਅਤੇ

(ਢ) "ਜੋੜਕਾਰ" ਦਾ ਮਤਲਬ ਹੈ ਇੱਕ ਵਲਗਣ ਵਿੱਚ ਇੱਕ ਜੋੜਕਾਰ, ਭਾਵੇਂ ਘੋੜ ਦੌੜ ਮੈਦਾਨ ਦੇ ਅੰਦਰ ਸਥਿਤ ਹੋਵੇ ਜਾਂ ਬਾਹਰ, ਜਿਸ ਵਿੱਚ ਦੂਜੇ ਰਾਜਾਂ ਵਿੱਚ ਸਥਿਤ ਅਧਿਕਾਰਤ ਘੋੜ ਦੌੜ ਮੈਦਾਨ ਸ਼ਾਮਲ ਹਨ ਅਤੇ ਜਿਸ ਨੂੰ ਦੌੜ ਇਕੱਤਰਤਾ ਨੂੰ ਕੰਟਰੋਲ ਕਰਨ ਵਾਲੇ ਰਸਦ-ਪ੍ਰਬੰਧਕਾਂ ਨੇ ਇਸ ਪ੍ਰਯੋਜਨ ਲਈ ਵੱਖਰਾ ਰੱਖਿਆ ਹੈ, ਅਤੇ ਇਸ ਵਿੱਚ ਜੋੜਕਾਰ ਵਜੋਂ ਜਾਣਿਆ ਜਾਣ ਵਾਲਾ ਕੋਈ ਵੀ ਔਜ਼ਾਰ, ਮਸ਼ੀਨ ਜਾਂ ਯੰਤਰ ਜਾਂ ਇਸ ਵਰਗੀ ਪ੍ਰਕਿਰਤੀ ਦਾ ਕੋਈ ਹੋਰ ਔਜ਼ਾਰ, ਮਸ਼ੀਨ ਜਾਂ ਯੰਤਰ ਜਾਂ ਕੋਈ ਗਿਣਤੀ ਦੇ ਵਿਅਕਤੀਆਂ ਨੂੰ ਇੱਕੋ ਜਿਹੇ ਸਿਧਾਂਤਾਂ 'ਤੇ ਇੱਕ ਦੂਜੇ ਨਾਲ ਸ਼ਰਤ ਲਗਾਉਣ ਦੇ ਸਮਰੱਥ ਬਣਾਉਣ ਲਈ ਕੋਈ ਸਕੀਮ ਸ਼ਾਮਲ ਹੈ ਪਰ ਇਸ ਵਿੱਚ ਇੱਕ ਜੂਆ-ਵਪਾਰੀ ਸ਼ਾਮਲ ਨਹੀਂ ਹੈ।

ਘੋੜ ਦੌੜ ਮੈਦਾਨ ਦਾ ਵਿਕਾਸ, ਘੋੜ ਦੌੜ ਕਰਵਾਉਣਾ ਅਤੇ ਉਸ ਤੇ ਸ਼ਰਤਬਾਜ਼ੀ।

3. (1) ਰਾਜ ਸਰਕਾਰ ਖੁਦ ਜਾਂ ਕਿਸੇ ਵਿਅਕਤੀ ਰਾਹੀਂ,-

(i) ਘੋੜ ਦੌੜ ਮੈਦਾਨ ਅਤੇ ਸਮਵਰਗੀ ਅਤੇ ਅਨੁਸੰਗਕ ਸਹੂਲਤਾਂ ਵਿਕਸਤ ਜਾਂ ਸਥਾਪਤ ਕਰ ਸਕਦੀ ਹੈ;

(ii) ਘੋੜ ਦੌੜ ਮੈਦਾਨ ਜਾਂ ਹੋਰ ਥਾਵਾਂ 'ਤੇ ਜੋੜਕਾਰ ਸਥਾਪਤ ਕਰ ਸਕਦੀ ਹੈ;

(iii) ਘੋੜ ਦੌੜਾਂ ਜਾਂ ਸਮਵਰਗੀ ਅਤੇ ਅਨੁਸੰਗਕ ਸਰਗਰਮੀਆਂ ਸੰਗਠਤ ਕਰਨ ਦੀ ਆਗਿਆ ਦੇ ਸਕਦੀ ਹੈ; ਅਤੇ

(iv) ਜਾਂ ਤਾਂ ਘੋੜ ਦੌੜ ਮੈਦਾਨਾਂ 'ਤੇ ਜਾਂ ਘੋੜ ਦੌੜ ਮੈਦਾਨਾਂ ਤੋਂ ਬਾਹਰ ਸ਼ਰਤਬਾਜ਼ੀ ਦੀ ਆਗਿਆ ਦੇ ਸਕਦੀ ਹੈ।

ਬੇ-ਲਸੰਸ ਘੋੜ ਦੌੜ ਮੈਦਾਨਾਂ ਤੇ ਘੋੜ ਦੌੜ ਦੀ ਮਨਾਹੀ।

4. ਕੋਈ ਵੀ ਘੋੜ ਦੌੜ ਯੋਜਨਾਬੱਧ ਜਾਂ ਸੰਗਠਤ ਜਾਂ ਕਰਵਾਈ ਨਹੀਂ ਜਾਵੇਗੀ ਸਿਵਾਏ ਉਸ ਘੋੜ ਦੌੜ ਦੇ ਮੈਦਾਨ 'ਤੇ ਜਿਸ ਲਈ ਧਾਰਾ 5 ਦੇ ਉਪਬੰਧਾਂ ਦੇ ਅਨੁਸਾਰ ਲੰਸਸ ਜਾਰੀ ਕੀਤਾ ਗਿਆ ਹੈ।

ਘੋੜ ਦੌੜ ਮੈਦਾਨ ਜਾਂ ਜੋੜਕਾਰ ਲਈ ਲਸੰਸ।

5. (1) ਕੋਈ ਵੀ ਵਿਅਕਤੀ ਜੋ ਘੋੜ ਦੌੜ ਮੈਦਾਨ ਵਿਕਸਤ ਕਰਨਾ ਚਾਹੁੰਦਾ ਹੈ ਜਾਂ ਜੋੜਕਾਰ ਸਥਾਪਤ ਕਰਨਾ ਚਾਹੁੰਦਾ ਹੈ, ਜਿਹੀ ਕਿ ਸੂਰਤ ਹੋਵੇ, ਤਾਂ ਇਸ ਪ੍ਰਯੋਜਨ ਲਈ ਲਸੰਸ ਜਾਰੀ ਕਰਨ ਲਈ ਰਾਜ ਸਰਕਾਰ ਨੂੰ ਮੁਕੱਰਰ ਫਾਰਮ ਵਿੱਚ ਮੁਕੱਰਰ ਫ਼ੀਸ ਦੇ ਨਾਲ ਅਰਜ਼ੀ ਦੇਵੇਗਾ।

(2) ਉਪ-ਧਾਰਾ (1) ਅਧੀਨ ਅਰਜ਼ੀ ਪ੍ਰਾਪਤ ਹੋਣ ਤੇ, ਰਾਜ ਸਰਕਾਰ ਕਿਸੇ ਵਿਅਕਤੀ ਦੀ ਘੋੜ ਦੌੜ ਮੈਦਾਨ ਵਿਕਸਤ ਕਰਨ ਜਾਂ ਜੋੜਕਾਰ ਸਥਾਪਤ ਕਰਨ ਦੀ ਸਮਰੱਥਾ ਬਾਰੇ, ਜਿਹੀ ਕਿ ਸੂਰਤ ਹੋਵੇ, ਅਜਿਹੀ ਜਾਂਚ ਕਰਨ ਤੋਂ ਬਾਅਦ, ਜਿਵੇਂ ਇਹ ਉਚਿਤ ਸਮਝੇ, ਲਿਖਤੀ ਰੂਪ ਵਿੱਚ, ਇੱਕ ਹੁਕਮ ਪਾਸ ਕਰੇਗੀ, ਜਿਸ ਵਿੱਚ ਅਜਿਹੇ ਲਸੰਸ ਜਾਰੀ ਕਰਨ ਜਾਂ ਇਨਕਾਰ ਕਰਨ ਦੇ ਕਾਰਨ ਕਲਮਬੰਦ ਕੀਤੇ ਜਾਣਗੇ।

(3) ਜਿੱਥੇ ਉਪ-ਧਾਰਾ (2) ਅਧੀਨ ਲਸੰਸ ਜਾਰੀ ਕਰਨ ਦਾ ਹੁਕਮ ਪਾਸ ਕੀਤਾ ਜਾਂਦਾ ਹੈ, ਤਾਂ ਰਾਜ ਸਰਕਾਰ ਅਜਿਹਾ ਲਸੰਸ ਉਸ ਰੂਪ ਵਿੱਚ ਅਤੇ ਅਜਿਹੀਆਂ ਸ਼ਰਤਾਂ ਅਧੀਨ ਜਾਰੀ ਕਰੇਗੀ, ਜਿਵੇਂ ਮੁਕੱਰਰ ਕੀਤੀਆਂ ਜਾਣ।

(4) ਉਪ-ਧਾਰਾ (3) ਅਧੀਨ ਜਾਰੀ ਕੀਤਾ ਗਿਆ ਲਸੰਸ ਪੰਜ ਸਾਲਾਂ ਦੀ ਮੁੱਦਤ ਲਈ ਜਾਇਜ਼ ਹੋਵੇਗਾ ਅਤੇ ਮੁਕੱਰਰ ਫ਼ੀਸ ਦੀ ਅਦਾਇਗੀ ਤੇ ਸਾਲ-ਦਰ-ਸਾਲ ਨਵਿਆਉਣਯੋਗ ਹੋਵੇਗਾ।

(5) ਜੇ, ਰਾਜ ਸਰਕਾਰ ਦੀ ਰਾਏ ਵਿੱਚ, ਜਨਤਕ ਹਿੱਤ ਵਿੱਚ ਅਜਿਹਾ ਕਰਨਾ ਹਾਲਾਤ ਅਨੁਸਾਰ ਉਚਿਤ ਜਾਂ ਜ਼ਰੂਰੀ ਹੈ, ਤਾਂ ਉਹ ਲਸੰਸਧਾਰੀ ਨੂੰ ਮੌਕਾ ਦੇਣ ਤੋਂ ਬਾਅਦ, ਇਸ ਧਾਰਾ ਅਧੀਨ ਜਾਰੀ ਕੀਤੇ ਗਏ ਲਸੰਸ ਦੀਆਂ ਸ਼ਰਤਾਂ ਵਿੱਚ ਸੋਧ, ਰੂਪਭੇਦ ਜਾਂ ਬਦਲਾਅ ਕਰ ਸਕਦੀ ਹੈ।

ਘੋੜ ਦੌੜ ਲਈ ਪਰਮਿਟ।

6. (1) ਕਿਸੇ ਵੀ ਘੋੜ ਦੌੜ ਮੈਦਾਨ ਦਾ ਮਾਲਕ, ਪੱਟੇਦਾਰ ਜਾਂ ਦਖ਼ੀਲਕਾਰ ਰਾਜ ਸਰਕਾਰ ਨੂੰ ਮੁਕੱਰਰ ਤਰੀਕੇ ਨਾਲ ਕਿਸੇ ਘੋੜ ਦੌੜ ਮੈਦਾਨ 'ਤੇ ਘੋੜ ਦੌੜ ਲਈ ਪਰਮਿਟ ਲਈ ਜਾਂ ਰਾਜ ਦੇ ਅੰਦਰ ਜਾਂ ਰਾਜ ਤੋਂ ਬਾਹਰ ਕਿਸੇ ਹੋਰ ਘੋੜ ਦੌੜ ਮੈਦਾਨ ਤੇ ਚਲਾਈ ਜਾਣ ਵਾਲੀ ਘੋੜ ਦੌੜ ਤੇ ਅਜਿਹੇ ਘੋੜ ਦੌੜ ਮੈਦਾਨ ਵਿੱਚ ਸ਼ਰਤ ਬਿਦਣਾ ਜਾਂ ਸ਼ਰਤਬਾਜ਼ੀ ਦਾ ਪ੍ਰਬੰਧ ਕਰਨ ਲਈ ਅਰਜ਼ੀ ਦੇ ਸਕਦਾ ਹੈ।

(2) ਰਾਜ ਸਰਕਾਰ ਆਪਣੇ ਵਿਵੇਕ ਅਨੁਸਾਰ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਤੇ ਅਤੇ ਅਜਿਹੀ ਮੁੱਦਤ ਲਈ, ਜਿਵੇਂ ਇਹ ਉਚਿਤ ਸਮਝੇ ਜਾਂ ਤਾਂ ਘੋੜ ਦੌੜ ਜਾਂ ਜਨਤਕ ਹਿੱਤ ਜਾਂ ਦੋਵਾਂ ਦੇ ਹਿੱਤ ਵਿੱਚ ਅਜਿਹੇ ਪਰਮਿਟ ਤੇ ਵਿਚਾਰ ਕਰ ਸਕਦੀ ਹੈ, ਰੋਕ ਸਕਦੀ ਹੈ, ਜਾਰੀ ਕਰ ਸਕਦੀ ਹੈ।

(3) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੀਆਂ ਸ਼ਰਤਾਂ ਹੇਠ-ਲਿਖਿਆਂ ਲਈ ਉਪਬੰਧ ਕਰ ਸਕਣਗੀਆਂ-

(ੳ) ਪਰਮਿਟ ਫ਼ੀਸ ਦੀ ਅਦਾਇਗੀ;

(ਅ) ਅਜਿਹੇ ਲੇਖਿਆਂ ਦੀ ਸਾਂਭ-ਸੰਭਾਲ ਅਤੇ ਅਜਿਹੀਆਂ ਵਿਵਰਣੀਆਂ ਦੇਣਾ;

(ੲ) ਦਾਅ ਤੇ ਲੱਗੀ ਰਕਮ ਜਿਹੜੀ ਵੱਖ ਵੱਖ ਕਿਸਮਾਂ ਦੇ ਘੋੜਿਆਂ ਲਈ ਅਲਾਟ ਕੀਤੀ ਜਾ ਸਕੇ;

(ਸ) ਵਿਅਕਤੀਆਂ ਨੂੰ ਪੇਸ਼ੇਵਰ ਘੋੜ ਦੌੜ ਸਵਾਰ ਬਣਨ ਦੀ ਸਿਖਲਾਈ ਲਈ ਚੁੱਕੇ ਜਾਣ ਵਾਲੇ ਉਪਾਅ;

(ਹ) ਭਾਰਤੀ ਨਸਲ ਦੇ ਘੋੜਿਆਂ ਅਤੇ ਭਾਰਤੀ ਪੇਸ਼ੇਵਰ ਘੋੜ ਦੌੜ ਸਵਾਰਾਂ ਨੂੰ ਉਤਸ਼ਾਹਿਤ ਕਰਨ ਲਈ ਚੁੱਕੇ ਜਾਣ ਵਾਲੇ ਉਪਾਅ;

(ਕ) ਕਿਸੇ ਵਿਅਕਤੀ ਜਾਂ ਅਜਿਹੇ ਵਿਅਕਤੀਆਂ ਦੀ ਸਭਾ ਨੂੰ ਘੋੜ ਦੌੜ ਦੇ ਸੰਚਾਲਨ ਅਤੇ ਪ੍ਰਬੰਧਨ ਵਿੱਚ ਰਸਦ-ਪ੍ਰਬੰਧਕਾਂ ਜਾਂ ਮੈਂਬਰਾਂ ਵਜੋਂ ਸ਼ਾਮਲ ਕਰਨਾ ਜਿਵੇਂ ਰਾਜ ਸਰਕਾਰ ਨਾਮਜ਼ਦ ਕਰ ਸਕਦੀ ਹੋਵੇ;

(ਖ) ਘੋੜ ਦੌੜ ਦੇ ਸੰਚਾਲਨ ਅਤੇ ਪ੍ਰਬੰਧਨ ਵਿੱਚ ਪਰਮਿਟ ਧਾਰਕ ਦੁਆਰਾ ਇਕੱਠੀ ਕੀਤੀ ਗਈ ਰਕਮ ਦੀ ਵਰਤੋਂ; ਅਤੇ

(ਗ) ਘੋੜ ਦੌੜ ਅਤੇ ਘੋੜ ਦੌੜ ਦੇ ਮੈਦਾਨ ਦੀ ਸਾਂਭ-ਸੰਭਾਲ ਨਾਲ ਜੁੜੇ ਸਬੰਧਤ ਅਜਿਹੇ ਹੋਰ ਮਾਮਲੇ ਜਿਨ੍ਹਾਂ ਲਈ, ਰਾਜ ਸਰਕਾਰ ਦੀ ਰਾਏ ਵਿੱਚ, ਪਰਮਿਟ ਵਿੱਚ ਉਪਬੰਧ ਕਰਨਾ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਹੈ।

(4) ਰਾਜ ਸਰਕਾਰ, ਅਜਿਹੇ ਪਰਮਿਟ ਦੁਆਰਾ, ਪਰਮਿਟ ਧਾਰਕ ਨੂੰ, ਅਜਿਹੀਆਂ ਸ਼ਰਤਾਂ ਦੇ ਤਾਬੇ ਜਿਵੇਂ ਰਾਜ ਸਰਕਾਰ ਦੁਆਰਾ ਅਜਿਹੇ ਪਰਮਿਟ ਵਿੱਚ ਉਲਿਖਤ ਕੀਤੀਆਂ ਗਈਆਂ ਹੋਣ, ਕਿਸੇ ਵੀ ਜੂਆ-ਵਪਾਰੀ ਨੂੰ ਪਰਮਿਟ ਦੇਣ ਲਈ

ਅਧਿਕਾਰਤ ਕਰ ਸਕਦੀ ਹੈ, ਜੋ ਪਰਮਿਟ ਧਾਰਕ ਨੂੰ ਜਾਰੀ ਕੀਤੇ ਗਏ ਪਰਮਿਟ ਦੀ ਮੁੱਦਤ ਤੋਂ ਵੱਧ ਨਾ ਹੋਵੇ, ਜਿਵੇਂ ਉਹ ਉਚਿਤ ਸਮਝੇ।

(5) ਰਾਜ ਸਰਕਾਰ ਕਿਸੇ ਵੀ ਸਮੇਂ, ਕਿਸੇ ਵੀ ਪਰਮਿਟ ਵਿੱਚ ਉਲਿਖਤ ਕਿਸੇ ਵੀ ਸ਼ਰਤਾਂ ਨੂੰ ਮੁਅੱਤਲ, ਮਨਸੂਖ ਜਾਂ ਰੂਪਭੇਦ ਕਰ ਸਕਦੀ ਹੈ।

(6) ਕਿਸੇ ਵੀ ਪਰਮਿਟ ਦਾ ਜਾਰੀ ਹੋਣਾ, ਮਨਸੂਖੀ ਜਾਂ ਰੂਪਭੇਦ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

ਮੱਧਵਰਤੀ ਦੁਆਰਾ ਪਰਮਿਟ ਦੀ ਜ਼ਿੰਮੇਵਾਰੀ।

7. (1) ਇੱਕ ਮੱਧਵਰਤੀ, ਜੋ ਇਸ ਐਕਟ ਦੇ ਉਪਬੰਧਾਂ ਅਧੀਨ ਇਸ ਦੀਆਂ ਧਾਰਾਵਾਂ 5 ਅਤੇ 6 ਵਿੱਚ ਜ਼ਿਕਰ ਕੀਤੀਆਂ ਸਰਗਰਮੀਆਂ ਦੇ ਸਿਵਾਏ, ਕੋਈ ਵੀ ਸਰਗਰਮੀ ਕਰਨਾ ਚਾਹੁੰਦਾ ਹੈ, ਅਜਿਹੀ ਸਰਗਰਮੀ ਕਰਨ ਲਈ ਪਰਮਿਟ ਜਾਰੀ ਕਰਨ ਲਈ ਰਾਜ ਸਰਕਾਰ ਨੂੰ ਅਰਜ਼ੀ ਦੇਵੇਗਾ।

(2) ਉਪ-ਧਾਰਾ (1) ਅਧੀਨ ਅਰਜ਼ੀ ਪ੍ਰਾਪਤ ਹੋਣ ਤੇ, ਰਾਜ ਸਰਕਾਰ ਵਿਚਾਰ ਕਰ ਸਕਦੀ ਹੈ ਅਤੇ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ 'ਤੇ ਪਰਮਿਟ ਜਾਰੀ ਕਰ ਸਕਦੀ ਹੈ, ਜਿਵੇਂ ਉਹ ਮੁਨਾਸਬ ਸਮਝੇ ਜਾਂ ਅਜਿਹੀ ਅਰਜ਼ੀ ਨੂੰ ਰੱਦ ਕਰ ਸਕਦੀ ਹੈ ਅਤੇ ਰਾਜ ਸਰਕਾਰ ਦਾ ਰੱਦ ਕਰਨ ਦਾ ਫ਼ੈਸਲਾ ਅੰਤਿਮ ਹੋਵੇਗਾ।

ਘੋੜ ਦੌੜ ਤੇ ਸ਼ਰਤਬਾਜ਼ੀ।

8. ਕੋਈ ਵਿਅਕਤੀ, ਜੋੜਕਾਰ ਜਾਂ ਸੱਟੇਬਾਜ਼ ਜਾਂ ਜੂਆ-ਵਪਾਰੀ ਰਾਹੀਂ ਮੁਕੱਰਰ ਤਰੀਕੇ ਨਾਲ ਘੋੜ ਦੌੜ ਮੈਦਾਨ 'ਤੇ ਯੋਜਨਾਬੱਧ ਜਾਂ ਸੰਗਠਤ ਘੋੜ ਦੌੜ ਤੇ ਸ਼ਰਤ ਲਗਾ ਸਕਦਾ ਹੈ।

ਅਥਾਰਟੀ ਦੀ ਸਥਾਪਨਾ।

9. (1) ਰਾਜ ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨ ਲਈ, ਪੰਜਾਬ ਟਰਫ਼ ਕਲੱਬ ਰੈਗੂਲੇਟਰੀ ਅਥਾਰਟੀ (ਇਸ ਤੋਂ ਪਿੱਛੋਂ ਅਥਾਰਟੀ ਵਜੋਂ ਹਵਾਲਾ) ਕਹੀ ਜਾਣ ਵਾਲੀ ਅਥਾਰਟੀ ਸਥਾਪਤ ਕਰੇਗੀ ਜਾਂ ਅਥਾਰਟੀ ਦੇ ਕਾਰਜ ਕਿਸੇ ਮੌਜੂਦਾ ਅਥਾਰਟੀ ਨੂੰ ਸੌਂਪ ਸਕਦੀ ਹੈ।

ਵਿਆਖਿਆ.- "ਮੌਜੂਦਾ ਅਥਾਰਟੀ" ਦਾ ਮਤਲਬ ਹੈ ਰਾਜ ਸਰਕਾਰ ਅਧੀਨ ਕੋਈ ਵਿਭਾਗ ਜਾਂ ਰਾਜ ਸਰਕਾਰ ਦੁਆਰਾ ਐਕਟ ਅਧੀਨ ਸਥਾਪਤ ਕੋਈ ਅਥਾਰਟੀ।

(2) ਅਥਾਰਟੀ ਉਪਰੋਕਤ ਨਾਮ ਨਾਲ ਜਾਣੀ ਜਾਣ ਵਾਲੀ ਇੱਕ ਨਿਗਮਤ ਬੌਡੀ ਹੋਵੇਗੀ, ਜਿਸ ਦਾ ਸਦੀਵੀ ਉਤਰਾਧਿਕਾਰ ਹੋਵੇਗਾ ਅਤੇ ਇਸ ਦੀ ਇੱਕ ਸਾਂਝੀ ਮੋਹਰ ਹੋਵੇਗੀ, ਇਸ ਐਕਟ ਦੇ ਉਪਬੰਧਾਂ ਦੇ ਤਾਬੇ ਚੁੱਕਵੀਂ ਅਤੇ ਅਚੁੱਕਵੀਂ ਸੰਪੱਤੀ ਅਰਜਤ ਕਰਨ, ਧਾਰਨ ਅਤੇ ਨਿਪਟਾਉਣ ਅਤੇ ਮੁਆਇਦਾ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਜਾਂ ਉਸ ਤੇ ਦਾਵਾ ਕੀਤਾ ਜਾ ਸਕੇਗਾ।

(3) ਅਥਾਰਟੀ ਦਾ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਜਾਂ ਅਜਿਹੀ ਥਾਂ ਤੇ ਹੋਵੇਗਾ, ਜਿਵੇਂ ਰਾਜ ਸਰਕਾਰ ਸਮੇਂ ਸਮੇਂ ਤੇ ਅਧਿਸੂਚਤ ਕਰੇ।

(4) ਅਥਾਰਟੀ ਰਾਜ ਸਰਕਾਰ ਦੁਆਰਾ ਨਿਯੁਕਤ ਕੀਤੇ ਗਏ ਇੱਕ ਚੇਅਰਪਰਸਨ ਅਤੇ ਪੰਜ ਤੋਂ ਨਾ ਘੱਟ ਅਤੇ ਸੱਤ ਤੋਂ ਨਾ ਵੱਧ ਮੈਂਬਰਾਂ ਤੋਂ ਮਿਲ ਕੇ ਉਨ੍ਹਾਂ ਵਿਅਕਤੀਆਂ ਵਿੱਚੋਂ ਬਣੇਗੀ, ਜਿਨ੍ਹਾਂ ਨੂੰ ਖੇਡਾਂ ਦੀਆਂ ਸਰਗਰਮੀਆਂ, ਖਾਸ ਕਰਕੇ ਘੋੜ ਦੌੜਾਂ ਸਬੰਧੀ ਕਾਫ਼ੀ ਗਿਆਨ ਹੋਵੇ।

(5) ਰਾਜ ਸਰਕਾਰ ਅਥਾਰਟੀ ਦੇ ਕਾਰਜਾਂ, ਵਿੱਤ ਅਤੇ ਸ਼ਕਤੀਆਂ ਸਬੰਧੀ ਨਿਯਮ ਬਣਾ ਸਕੇਗੀ।

ਘੋੜ ਦੌੜ ਮੈਦਾਨ ਅਤੇ ਘੋੜ ਦੌੜ ਮੈਦਾਨ ਤੋਂ ਬਾਹਰ ਲਸੰਸ/ ਪਰਮਿਟ ਵੇਰਵਿਆਂ ਦਾ ਪ੍ਰਦਰਸ਼ਤ ਕਰਨਾ।

10. ਘੋੜ ਦੌੜ ਮੈਦਾਨ ਅਤੇ ਕਿਸੇ ਘੋੜ ਦੋੜ ਮੈਦਾਨ ਤੋਂ ਬਾਹਰ ਹਰੇਕ ਮਾਲਕ, ਦਖ਼ੀਲਕਾਰ ਜਾਂ ਸੰਚਾਲਕ ਜਿਸ ਵਿੱਚ ਮਾਲਕ, ਦਖ਼ੀਲਕਾਰ ਜਾਂ ਸੰਚਾਲਕ ਕਿਸੇ ਵੀ ਸ਼ੁਰਤਬਾਜ਼ੀ ਸਰਗਰਮੀ ਦੀ ਆਗਿਆ ਦਿੰਦਾ ਹੈ, ਰਾਜ ਸਰਕਾਰ ਦੁਆਰਾ ਜਾਂ ਅਥਾਰਟੀ ਦੁਆਰਾ ਸਮੇਂ ਸਮੇਂ ਤੇ ਇਸ ਸਬੰਧ ਵਿੱਚ ਉਪਬੰਧਤ ਕੀਤੇ ਜਾ ਸਕਣ ਵਾਲੇ ਵਿਵਰਣਾਂ ਦੀ ਅਨੁਸਾਰਤਾ ਵਿੱਚ, ਅੰਗਰੇਜ਼ੀ ਅਤੇ ਜਨ ਭਾਸ਼ਾ ਵਿੱਚ ਘੋੜ ਦੌੜ ਮੈਦਾਨ ਜਾਂ ਘੋੜ ਦੌੜ ਮੈਦਾਨ ਤੋਂ ਬਾਹਰ ਪਰਮਿਟ ਵੇਰਵਿਆਂ ਦਾ ਉਚਿਤ ਅਤੇ ਨੁਮਾਇਆ ਪ੍ਰਦਰਸ਼ਨ ਯਕੀਨੀ ਬਣਾਏਗਾ।

ਲਸੰਸ/ਪਰਮਿਟ ਤੋਂ ਬਿਨਾਂ ਘੋੜ ਦੌੜ ਦੀ ਆਗਿਆ ਜਾਂ ਸ਼ਰਤਬਾਜ਼ੀ ਲਈ ਸਜ਼ਾ।

11. ਜੇ ਕਿਸੇ ਵੀ ਘੋੜ ਦੌੜ ਮੈਦਾਨ 'ਤੇ ਘੋੜ ਦੌੜ ਕਰਵਾਈ ਜਾਂਦੀ ਹੈ ਜਾਂ ਘੋੜ ਦੌੜ ਤੇ ਸ਼ਰਤ ਲਗਾਈ ਜਾਂਦੀ ਹੈ ਜਿਸ ਲਈ ਲਸੰਸ/ਪਰਮਿਟ ਜਾਰੀ ਨਹੀਂ ਕੀਤਾ ਗਿਆ ਹੈ ਜਾਂ ਜਿਸ ਲਈ ਜਾਰੀ ਹੋਇਆ ਲਸੰਸ/ਪਰਮਿਟ ਨਾਫ਼ਜ਼ ਨਹੀਂ ਹੈ, ਤਾਂ ਅਜਿਹੇ ਘੋੜ ਦੌੜ ਦੇ ਮੈਦਾਨ ਦੇ ਮਾਲਕ, ਦਖ਼ੀਲਕਾਰ ਜਾਂ ਸੰਚਾਲਕ, ਜੁਰਮਾਨਾ ਜੋ ਇੱਕ ਲੱਖ ਰੁਪਏ ਤੱਕ ਹੋ ਸਕੇਗਾ ਅਤੇ ਇੱਕ ਸਾਲ ਤੋਂ ਨਾ ਘੱਟ ਦੀ ਕੈਦ, ਜੋ ਕਿ ਤਿੰਨ ਸਾਲ ਤੱਕ ਹੋ ਸਕਦੀ ਹੈ, ਨਾਲ ਸਜ਼ਾਯੋਗ ਹੋਵੇਗਾ।

ਲਸੰਸ/ਪਰਮਿਟ ਤੋਂ ਬਿਨਾਂ ਘੋੜ ਦੌੜ ਮੈਦਾਨ ਤੇ ਘੋੜ ਦੌੜ ਵਿੱਚ ਹਿੱਸਾ ਲੈਣ ਲਈ ਡੰਨ।

12. ਜੋ ਕੋਈ ਵੀ ਕਿਸੇ ਵੀ ਘੋੜ ਦੌੜ ਮੈਦਾਨ ਤੇ ਘੋੜ ਦੌੜ ਵਿੱਚ ਹਿੱਸਾ ਲੈਂਦਾ ਹੈ, ਜਿਸ ਲਈ ਕੋਈ ਲਸੰਸ/ਪਰਮਿਟ ਜਾਰੀ ਨਹੀਂ ਕੀਤਾ ਗਿਆ ਹੈ ਜਾਂ ਜਿਸ ਲਈ ਧਾਰਾ 6 ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਜਾਰੀ ਕੀਤਾ ਗਿਆ ਪਰਮਿਟ ਨਾਫ਼ਜ਼ ਨਹੀਂ ਹੈ, ਉਹ ਜੁਰਮਾਨੇ ਨਾਲ, ਜੋ ਵੀਹ ਹਜਾਰ ਰੁਪਏ ਤੱਕ ਹੋ ਸਕੇਗਾ, ਸਜ਼ਾਯੋਗ ਹੋਵੇਗਾ।

ਲਸੰਸ/ਪਰਮਿਟ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਲਈ ਡੰਨ।

13. (1) ਜੇ ਕੋਈ ਲਸੰਸਧਾਰੀ/ਪਰਮਿਟ ਧਾਰਕ ਪਰਮਿਟ ਦੀਆਂ ਕਿਸੇ ਵੀ ਸ਼ਰਤਾਂ ਦੀ ਉਲੰਘਣਾ ਕਰਦਾ ਹੈ, ਤਾਂ ਉਹ ਜੁਰਮਾਨੇ ਨਾਲ ਜੋ ਇੱਕ ਲੱਖ ਰੁਪਏ ਤੱਕ ਹੋ ਸਕੇਗਾ, ਸਜ਼ਾਯੋਗ ਹੋਵੇਗਾ।

(2) ਜੇ ਕੋਈ ਮੱਧਵਰਤੀ ਉਨ੍ਹਾਂ ਸ਼ਰਤਾਂ ਦੀ ਉਲੰਘਣਾ ਕਰਦਾ ਹੈ ਜਿਨ੍ਹਾਂ ਦੇ ਤਾਬੇ ਉਸ ਨੂੰ ਪਰਮਿਟ ਜਾਰੀ ਕੀਤਾ ਗਿਆ ਸੀ ਤਾਂ ਉਹ ਧਾਰਾ 16 ਅਧੀਨ ਰਾਜ ਸਰਕਾਰ ਦੁਆਰਾ ਕੀਤੀ ਜਾ ਸਕਣ ਵਾਲੀ ਕਿਸੇ ਵੀ ਕਾਰਵਾਈ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਜੁਰਮਾਨੇ ਨਾਲ, ਜੋ ਇੱਕ ਲੱਖ ਰੁਪਏ ਤੱਕ ਹੋ ਸਕੇਗਾ, ਸਜ਼ਾਯੋਗ ਹੋਵੇਗਾ।

ਤਲਾਸ਼ੀ ਅਤੇ ਜ਼ਬਤ ਕਰਨ ਦੀ ਸ਼ਕਤੀ।

14. (1) ਜੇ ਰਾਜ ਸਰਕਾਰ, ਜਾਂ ਇਸ ਦੁਆਰਾ ਠੀਕ ਤੌਰ ਤੇ ਅਧਿਕਾਰਤ ਵਿਅਕਤੀ ਦੀ ਰਾਏ ਹੈ ਕਿ ਇਸ ਐਕਟ ਦੇ ਪ੍ਰਯੋਜਨਾਂ ਲਈ ਜਾਂ ਇਸ ਐਕਟ ਜਾਂ

ਇਸ ਅਧੀਨ ਬਣਾਏ ਗਏ ਨਿਯਮਾਂ ਦੇ ਕਿਸੇ ਵੀ ਉਪਬੰਧ ਨੂੰ ਭੰਗ ਕਰਨ ਜਾਂ ਉਲੰਘਣਾ ਕਰਨ ਦੇ ਸਬੰਧ ਵਿੱਚ, ਇਸ ਤਰ੍ਹਾਂ ਕਰਨਾ ਜ਼ਰੂਰੀ ਹੈ, ਤਾਂ ਉਹ ਲਸੰਸਧਾਰੀ ਜਾਂ ਪਰਮਿਟ ਧਾਰਕ ਨੂੰ ਵਾਜਬ ਨੋਟਿਸ ਦੇਣ ਤੋਂ ਬਾਅਦ ਉਨ੍ਹਾਂ ਦੇ ਲੇਖਿਆਂ ਦੀਆਂ ਕਿਤਾਬਾਂ, ਰਿਕਾਰਡਾਂ ਦੀ ਜਾਂਚ ਕਰਨ ਲਈ ਕਹਿ ਸਕਦੀ ਹੈ ਅਤੇ ਉਸ ਤੋਂ ਟੂਕ ਲੈ ਸਕਦੀ ਹੈ।

(2) ਰਾਜ ਸਰਕਾਰ ਜਾਂ ਇਸ ਦੁਆਰਾ ਠੀਕ ਤੌਰ ਤੇ ਅਧਿਕਾਰਤ ਵਿਅਕਤੀ, ਜੇ ਜ਼ਰੂਰੀ ਸਮਝੇ, ਘੋੜ ਦੌੜ ਮੈਦਾਨ ਜਾਂ ਘੋੜ ਦੌੜ ਜਾਂ ਕਿਸੇ ਵੀ ਸੁ਼ਰਤਬਾਜ਼ੀ ਸਰਗਰਮੀ ਨਾਲ ਸਬੰਧਤ ਕਿਸੇ ਵੀ ਰਿਕਾਰਡ ਦੀ ਜਾਂਚ ਕਰਨ ਦੇ ਪ੍ਰਯੋਜਨ ਲਈ ਘੋੜ ਦੌੜ ਮੈਦਾਨ ਜਾਂ ਘੋੜ ਦੌੜ ਮੈਦਾਨ ਤੋਂ ਬਾਹਰ ਜਾਂ ਅਜਿਹੀ ਹੋਰ ਜਗ੍ਹਾ ਤੇ ਤਲਾਸ਼ੀ ਲੈ ਸਕਦਾ ਹੈ ਅਤੇ ਜੇ ਜ਼ਰੂਰੀ ਸਮਝੇ ਤਾਂ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਜਾਂ ਲਸੰਸ ਜਾਂ ਪਰਮਿਟ ਦੇ ਨਿਬੰਧਨਾਂ ਦੇ ਉਪਬੰਧਾਂ ਦੀ ਕਿਸੇ ਵੀ ਖ਼ਿਲਾਫ਼ਵਰਜ਼ੀ ਜਾਂ ਭੰਗ ਕਰਨ ਦੀ ਜਾਂਚ ਦੇ ਪ੍ਰਯੋਜਨ ਲਈ ਅਜਿਹੇ ਰਿਕਾਰਡ ਜਾਂ ਸਮੱਗਰੀ ਨੂੰ ਜ਼ਬਤ ਕਰ ਸਕਦਾ ਹੈ।

ਘੋੜ ਦੌੜ ਮੈਦਾਨ ਦੇ ਨਿਰੀਖਣ ਦੀ ਸ਼ਕਤੀ।

15. ਰਾਜ ਸਰਕਾਰ ਜਾਂ ਅਥਾਰਟੀ, ਜਿੱਥੇ ਵੀ ਘੋੜ ਦੌੜ ਮੈਦਾਨ, ਘੋੜ ਦੌੜ ਮੈਦਾਨ ਤੋਂ ਬਾਹਰ, ਘੋੜ ਦੌੜ ਜਾਂ ਸੁ਼ਰਤਬਾਜ਼ੀ ਸਰਗਰਮੀ ਦੇ ਉਚਿਤ ਵਿਨਿਯਮਨ ਦੇ ਪ੍ਰਯੋਜਨ ਲਈ ਜ਼ਰੂਰੀ ਸਮਝੇ, ਠੀਕ ਤੌਰ ਤੇ ਅਖ਼ਤਿਆਰਤ ਕਿਸੇ ਵੀ ਅਧਿਕਾਰੀ (ਅਧਿਕਾਰੀਆਂ) ਨੂੰ ਕਿਸੇ ਵੀ ਘੋੜ ਦੌੜ ਮੈਦਾਨ ਜਾਂ ਕਿਸੇ ਵੀ ਘੋੜ ਦੌੜ ਮੈਦਾਨ ਤੋਂ ਬਾਹਰ ਦਾ ਦੌਰਾ ਕਰਨ ਅਤੇ ਨਿਰੀਖਣ ਕਰਨ ਅਤੇ ਆਪਣੀ ਰਿਪੋਰਟ ਅਤੇ ਸਿੱਟੇ ਰਾਜ ਸਰਕਾਰ ਜਾਂ ਅਥਾਰਟੀ ਨੂੰ, ਜਿਹੀ ਕਿ ਸੂਰਤ ਹੋਵੇ, ਪੇਸ਼ ਕਰਨ ਲਈ ਪ੍ਰਤਿਨਿਯੁਕਤ ਕਰ ਸਕਦੀ ਹੈ।

ਲਸੰਸ ਜਾਂ ਪਰਮਿਟ ਦੇ ਮੁਅੱਤਲ, ਪਰਤਾਉਣ ਅਤੇ ਮਨਸੂਖ ਕਰਨ ਦੀ ਸ਼ਕਤੀ।

16. (1) ਰਾਜ ਸਰਕਾਰ ਜਾਂ ਇਸ ਦੁਆਰਾ ਠੀਕ ਤੌਰ ਤੇ ਅਖ਼ਤਿਆਰਤ ਵਿਅਕਤੀ, ਕੋਈ ਵੀ ਸ਼ਿਕਾਇਤ ਪ੍ਰਾਪਤ ਹੋਣ 'ਤੇ ਜਾਂ ਸਵੈ-ਪ੍ਰੇਰਨਾ 'ਤੇ ਜਾਂ ਨਿਰੀਖਣ 'ਤੇ ਜਾਂ ਧਾਰਾ 14 ਜਾਂ ਧਾਰਾ 15 ਦੇ ਅਧੀਨ ਨਿਰੀਖਣ ਰਿਪੋਰਟ ਜਾਂ ਤਲਾਸ਼ੀ ਰਿਪੋਰਟ ਪ੍ਰਾਪਤ ਹੋਣ 'ਤੇ, ਲਸੰਸਧਾਰੀ ਜਾਂ ਪਰਮਿਟ ਧਾਰਕ ਵਿਰੁੱਧ ਲਸੰਸ ਜਾਂ ਪਰਮਿਟ, ਜਿਹੀ ਕਿ ਸੂਰਤ ਹੋਵੇ, ਪਰਤਾਉਣ ਜਾਂ ਮਨਸੂਖ ਕਰਨ ਲਈ ਮੁਕੱਰਰ ਤਰੀਕੇ ਨਾਲ ਕਾਰਵਾਈਆਂ ਸੁਰੂ ਕਰ ਸਕਦਾ ਹੈ।

(2) ਰਾਜ ਸਰਕਾਰ ਜਾਂ ਇਸ ਦੁਆਰਾ ਠੀਕ ਤੌਰ ਤੇ ਅਖ਼ਤਿਆਰਤ ਵਿਅਕਤੀ, ਲਿਖਤੀ ਰੂਪ ਵਿੱਚ ਕਲਮਬੰਦ ਕੀਤੇ ਜਾਣ ਵਾਲੇ ਕਾਰਨਾਂ ਕਰਕੇ, ਜਾਂਚ ਦੇ ਲੰਬਿਤ ਹੋਣ ਦੌਰਾਨ ਲਸੰਸ ਜਾਂ ਪਰਮਿਟ ਨੂੰ ਮੁਅੱਤਲ ਕਰ ਸਕਦਾ ਹੈ ਅਤੇ ਜਨਤਕ ਹਿੱਤ ਵਿੱਚ ਘੋੜ ਦੋੜ ਮੈਦਾਨ, ਘੋੜ ਦੌੜ ਮੈਦਾਨ ਤੋਂ ਬਾਹਰ, ਘੋੜ ਦੌੜ ਜਾਂ ਸੁ਼ਰਤਬਾਜ਼ੀ ਸਰਗਰਮੀਆਂ ਦੇ ਸੰਚਾਲਨ ਦੇ ਸਬੰਧ ਵਿੱਚ ਲੋੜੀਂਦੀਆਂ ਪਾਬੰਦੀਆਂ ਅਤੇ ਬੰਦਸ਼ਾਂ ਵੀ ਲਗਾ ਸਕਦਾ ਹੈ।

(3) ਰਾਜ ਸਰਕਾਰ ਜਾਂ ਇਸ ਦੁਆਰਾ ਠੀਕ ਤੌਰ ਤੇ ਅਖ਼ਤਿਆਰਤ ਵਿਅਕਤੀ, ਉਪ-ਧਾਰਾ (1) ਅਧੀਨ ਲਸੰਸਧਾਰਕ ਜਾਂ ਪਰਮਿਟ ਧਾਰਕ ਵਿਰੁੱਧ ਸੁਰੂ

ਕੀਤੀਆਂ ਗਈਆਂ ਕਾਰਵਾਈਆਂ ਪੂਰੀਆਂ ਹੋਣ ਤੋਂ ਬਾਅਦ, ਕਲਮਬੰਦ ਕੀਤੇ ਜਾਣ ਵਾਲੇ ਕਾਰਨਾਂ ਕਰਕੇ, ਲਸੰਸ ਜਾਂ ਪਰਮਿਟ ਨੂੰ ਮੁਅੱਤਲ, ਪਰਤਾ ਜਾਂ ਮਨਸੂਖ ਕਰ ਸਕਦਾ ਹੈ ਅਤੇ ਅਜਿਹੇ ਹੋਰ ਨਿਰਦੇਸ਼ ਜਾਰੀ ਕਰ ਸਕਦਾ ਹੈ ਜੋ ਜਨਤਕ ਹਿੱਤ ਵਿੱਚ ਜ਼ਰੂਰੀ ਹੋਣ।

ਸ਼ਕਤੀਆਂ ਦਾ ਸੌਂਪਣਾ।

17. ਰਾਜ ਸਰਕਾਰ, ਅਧਿਸੂਚਨਾ ਦੁਆਰਾ, ਨਿਰਦੇਸ਼ ਦੇ ਸਕਦੀ ਹੈ ਕਿ ਇਸ ਐਕਟ ਅਧੀਨ ਇਸ ਦੁਆਰਾ ਵਰਤੀ ਜਾਣ ਵਾਲੀ ਕੋਈ ਵੀ ਸ਼ਕਤੀ, ਨਿਯਮ ਬਣਾਉਣ ਦੀ ਸ਼ਕਤੀ ਨੂੰ ਛੱਡ ਕੇ, ਅਜਿਹੇ ਅਧਿਕਾਰੀ ਦੁਆਰਾ ਅਜਿਹੀਆਂ ਸ਼ਰਤਾਂ ਦੇ ਤਾਬੇ, ਜੇ ਕੋਈ ਹੋਣ, ਜੋ ਉਸ ਵਿੱਚ ਉਲਿਖਤ ਕੀਤੀਆਂ ਜਾਣ, ਵੀ ਵਰਤੀ ਜਾ ਸਕਦੀ ਹੈ, ਜੋ ਉਸ ਅਧੀਨ ਵਰਣਤ ਕੀਤੀਆਂ ਹੋਣ।

ਅਪਰਾਧਾਂ ਦਾ ਸਮਾਇਤ ਅਧਿਕਾਰ।

18. ਪਹਿਲੇ ਸ਼੍ਰੇਣੀ ਦੇ ਨਿਆਂਇਕ ਮੈਜਿਸਟਰੇਟ ਤੋਂ ਹੇਠਲੀ ਕੋਈ ਵੀ ਅਦਾਲਤ ਇਸ ਐਕਟ ਅਧੀਨ ਕਿਸੇ ਵੀ ਅਪਰਾਧ ਦਾ ਵਿਚਾਰਣ ਨਹੀਂ ਕਰੇਗੀ।

ਕੰਪਨੀਆਂ ਦੁਆਰਾ ਅਪਰਾਧ।

19. (1) ਜੇ ਇਸ ਐਕਟ ਅਧੀਨ ਅਪਰਾਧ ਕਰਨ ਵਾਲਾ ਵਿਅਕਤੀ ਇੱਕ ਕੰਪਨੀ ਹੈ, ਤਾਂ ਹਰੇਕ ਉਹ ਵਿਅਕਤੀ ਜੋ, ਅਪਰਾਧ ਦੇ ਕੀਤੇ ਜਾਣ ਸਮੇਂ, ਕੰਪਨੀ ਦਾ ਇੰਚਾਰਜ ਸੀ ਅਤੇ ਕੰਪਨੀ ਦੁਆਰਾ ਕਾਰੋਬਾਰ ਦੇ ਸੰਚਾਲਨ ਲਈ ਕੰਪਨੀ ਪ੍ਰਤੀ ਉਤਰਦਾਈ ਸੀ, ਉਸ ਅਨੁਸਾਰ ਆਪਣੇ ਵਿਰੁੱਧ ਕਾਰਵਾਈ ਕੀਤੇ ਜਾਣ ਅਤੇ ਸਜ਼ਾ ਦਿੱਤੇ ਜਾਣ ਦਾ ਭਾਗੀ ਹੋਵੇਗਾ:

ਪਰੰਤੂ ਇਸ ਉਪ-ਧਾਰਾ ਵਿੱਚ ਦਰਜ ਕੋਈ ਗੱਲ ਕਿਸੇ ਅਜਿਹੇ ਵਿਅਕਤੀ ਨੂੰ ਇਸ ਐਕਟ ਵਿੱਚ ਦਿੱਤੀ ਗਈ ਕਿਸੇ ਵੀ ਸਜ਼ਾ ਦਾ ਭਾਗੀ ਨਹੀਂ ਬਣਾਵੇਗੀ, ਜੇ ਉਹ ਇਹ ਸਾਬਤ ਕਰ ਦਿੰਦਾ ਹੈ ਕਿ ਅਪਰਾਧ ਉਸਦੀ ਜਾਣਕਾਰੀ ਤੋਂ ਬਿਨਾਂ ਕੀਤਾ ਗਿਆ ਸੀ ਜਾਂ ਉਸ ਨੇ ਅਜਿਹੇ ਅਪਰਾਧ ਨੂੰ ਰੋਕਣ ਲਈ ਪੂਰੀ ਯੋਗ ਤਨਦਿਹੀ ਦੀ ਵਰਤੋਂ ਕੀਤੀ ਸੀ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੇ ਇਸ ਐਕਟ ਅਧੀਨ ਕੋਈ ਅਪਰਾਧ ਕੰਪਨੀ ਦੇ ਕਿਸੇ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਹੋਰ ਅਧਿਕਾਰੀ ਦੀ ਸੰਮਤੀ ਜਾਂ ਅਣਡਿੱਠਤਾ ਨਾਲ ਕੀਤਾ ਗਿਆ ਹੈ, ਜਾਂ ਉਸ ਦੀ ਕਿਸੇ ਅਣਗਹਿਲੀ ਕਾਰਨ ਹੋਇਆ ਮੰਨਿਆ ਜਾ ਸਕਦਾ ਹੈ, ਤਾਂ ਉੱਥੇ ਅਜਿਹਾ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਹੋਰ ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਉਸ ਅਨੁਸਾਰ ਆਪਣੇ ਵਿਰੁੱਧ ਕਾਰਵਾਈ ਕੀਤੇ ਜਾਣ ਅਤੇ ਸਜ਼ਾ ਦਿੱਤੇ ਜਾਣ ਦਾ ਭਾਗੀ ਹੋਵੇਗਾ।

ਵਿਆਖਿਆ.- ਇਸ ਧਾਰਾ ਦੇ ਪ੍ਰਯੋਜਨਾਂ ਲਈ-

(ੳ) "ਕੰਪਨੀ" ਦਾ ਮਤਲਬ ਹੈ ਕੋਈ ਨਿਗਮ ਬੌਡੀ ਅਤੇ ਇਸ ਵਿੱਚ ਕੋਈ ਫਰਮ ਜਾਂ ਵਿਅਕਤੀਆ ਦੀ ਹੋਰ ਸਭਾ ਸ਼ਾਮਲ ਹੈ; ਅਤੇ

(ਅ) "ਡਾਇਰੈਕਟਰ" ਦਾ ਕਿਸੇ ਫਰਮ ਦੇ ਸਬੰਧ ਵਿੱਚ, ਮਤਲਬ ਹੈ ਉਸ ਫਰਮ ਵਿੱਚ ਕੋਈ ਭਾਈਵਾਲ।

20. ਜੇ ਰਾਜ ਸਰਕਾਰ ਦੀ ਰਾਏ ਵਿੱਚ, ਜਨਤਕ ਹਿੱਤ ਵਿੱਚ ਅਜਿਹਾ ਕਰਨਾ ਹਾਲਾਤ ਅਨੁਸਾਰ ਉਚਿਤ ਜਾਂ ਜ਼ਰੂਰੀ ਹੈ, ਤਾਂ ਇਹ ਇੱਕ ਆਮ ਜਾਂ ਵਿਸ਼ੇਸ਼ ਹੁਕਮ ਦੁਆਰਾ ਕਿਸੇ ਵੀ ਘੋੜ ਦੌੜ ਜਾਂ ਕਿਸੇ ਸ਼ਰਤਬਾਜ਼ੀ ਸਰਗਰਮੀ ਜਾਂ ਕਿਸੇ ਮੱਧਵਰਤੀ ਨੂੰ ਇਸ ਐਕਟ ਦੇ ਉਪਬੰਧਾਂ ਦੇ ਅਮਲ ਤੋਂ ਛੋਟ ਦੇ ਸਕਦੀ ਹੈ। ਛੋਟ।

21. ਇਸ ਐਕਟ ਜਾਂ ਇਸ ਅਧੀਨ ਬਣਾਏ ਕਿਸੇ ਨਿਯਮ ਜਾਂ ਹੁਕਮ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ, ਰਾਜ ਸਰਕਾਰ ਜਾਂ ਅਥਾਰਟੀ ਜਾਂ ਰਾਜ ਸਰਕਾਰ ਦੇ ਅਧਿਕਾਰੀ ਜਾਂ ਕਿਸੇ ਵੀ ਵਿਅਕਤੀ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ। ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਉ।

22. ਕਿਸੇ ਵੀ ਦੀਵਾਨੀ ਅਦਾਲਤ ਨੂੰ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਪੈਦਾ ਹੋਣ ਵਾਲੇ ਮਾਮਲਿਆਂ ਨਾਲ ਸਬੰਧਤ ਕਿਸੇ ਵੀ ਪ੍ਰਸ਼ਨ ਨੂੰ ਗ੍ਰਹਿਣ ਕਰਨ ਜਾਂ ਫ਼ੈਸਲਾ ਲੈਣ ਦੀ ਅਧਿਕਾਰਤਾ ਨਹੀਂ ਹੋਵੇਗੀ। ਅਧਿਕਾਰਤਾ ਤੇ ਰੋਕ।

23. ਇਸ ਐਕਟ ਦੇ ਉਪਬੰਧ ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਜਾਂ ਇਸ ਐਕਟ ਤੋਂ ਇਲਾਵਾ ਕਿਸ ਹੋਰ ਕਾਨੂੰਨ ਦੇ ਆਧਾਰ ਤੇ ਪ੍ਰਭਾਵ ਰੱਖਣ ਵਾਲੀ ਕਿਸੇ ਲਿਖਤ ਵਿੱਚ ਦਰਜ ਉਸ ਨਾਲ ਅਸੰਗਤ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪ੍ਰਭਾਵੀ ਹੋਣਗੇ। ਪਰਮ ਪ੍ਰਭਾਵੀ ਪ੍ਰਭਾਵ।

24. ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਇਸ ਐਕਟ ਦੇ ਉਪਬੰਧਾਂ ਦੇ ਅਸੰਗਤ ਨਾ ਹੋਣ ਵਾਲੇ, ਹੁਕਮ ਦੁਆਰਾ ਕਠਨਾਈ ਦੂਰ ਕਰ ਸਕਦੀ ਹੈ: ਕਠਨਾਈਆਂ ਦੂਰ ਕਰਨ ਦੀ ਸ਼ਕਤੀ।

ਪਰੰਤੂ ਇਸ ਐਕਟ ਦੇ ਅਰੰਭ ਤੋਂ ਦੋ ਸਾਲਾਂ ਦੀ ਮੁੱਦਤ ਗੁਜ਼ਰਣ ਤੋਂ ਬਾਅਦ ਅਜਿਹਾ ਕੋਈ ਹੁਕਮ ਨਹੀਂ ਕੀਤਾ ਜਾਵੇਗਾ।

25. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਅਤੇ ਪਿਛਲੇ ਪ੍ਰਕਾਸ਼ਨ ਦੀ ਸ਼ਰਤ ਦੇ ਤਾਬੇ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ। ਨਿਯਮ ਬਣਾਉਣ ਦੀ ਸ਼ਕਤੀ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀਆਂ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮਾਂ ਵਿੱਚ ਹੇਠ-ਲਿਖੇ ਸਭ ਮਾਮਲਿਆਂ ਜਾਂ ਉਨ੍ਹਾਂ ਵਿੱਚੋਂ ਕਿਸੇ ਮਾਮਲੇ ਲਈ ਉਪਬੰਧ ਕੀਤਾ ਜਾ ਸਕੇਗਾ, ਅਰਥਾਤ:-

(ੳ) ਧਾਰਾ 5 ਦੀ ਉਪ-ਧਾਰਾ (1) ਅਧੀਨ ਲਸੰਸ ਜਾਰੀ ਕਰਨ ਲਈ ਅਰਜ਼ੀ ਦਾ ਰੂਪ ਅਤੇ ਫ਼ੀਸ;

(ਅ) ਧਾਰਾ 5 ਦੀ ਉਪ-ਧਾਰਾ (3) ਅਧੀਨ ਲਸੰਸ ਦਾ ਰੂਪ ਅਤੇ ਲਸੰਸ ਜਾਰੀ ਕਰਨ ਦੀਆਂ ਸ਼ਰਤਾਂ;

(ੲ) ਧਾਰਾ 5 ਦੀ ਉਪ-ਧਾਰਾ (4) ਅਧੀਨ ਲਸੰਸ ਦੇ ਨਵਿਆਉਣ ਲਈ ਫ਼ੀਸ;

(ਸ) ਉਹ ਤਰੀਕਾ ਜਿਸ ਵਿੱਚ ਧਾਰਾ 8 ਅਧੀਨ ਜੋੜਕਾਰ ਜਾਂ ਸੱਟੇਬਾਜ਼ ਜਾਂ ਜੂਆ-ਵਪਾਰੀ ਦੁਆਰਾ ਘੋੜ ਦੌੜ 'ਤੇ ਸ਼ਰਤਬਾਜ਼ੀ ਲਗਾਈ ਜਾਣੀ ਹੈ;

(ਹ) ਉਹ ਤਰੀਕਾ ਜਿਸ ਵਿੱਚ ਧਾਰਾ 16 ਦੀ ਉਪ-ਧਾਰਾ (1) ਅਧੀਨ ਲਸੰਸਧਾਰੀ ਜਾਂ ਪਰਮਿਟ ਧਾਰਕ ਵਿਰੁੱਧ ਕਾਰਵਾਈ ਸ਼ੁਰੂ ਕੀਤੀ ਜਾਣੀ ਹੈ; ਅਤੇ

(ਕ) ਕੋਈ ਹੋਰ ਮਾਮਲਾ ਜੋ ਨਿਯਮਾਂ ਦੁਆਰਾ ਮੁਕੱਰਰ ਕੀਤਾ ਜਾਣਾ ਹੈ ਜਾਂ ਕੀਤਾ ਜਾ ਸਕਦਾ ਹੈ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ।

*3615/1-2026/Pb. Govt. Press, S.A.S. Nagar*

ਭਾਗ-I

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 19 ਜਨਵਰੀ, 2026

ਨੰ: 07/ਭ.ਕ./2026.- ਪੰਜਾਬ ਕਲੀਨਿਕਲ ਸਥਾਪਨਾਵਾਂ (ਰਜਿਸਟਰੀਕਰਨ ਅਤੇ ਵਿਨਿਯਮ) ਐਕਟ, 2020 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 19th January, 2026

**No. 07/L.C./2026.**- The Translation in Punjabi of the Clinical Establishments (Registration and Regulation) Act, 2020 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਪੰਜਾਬ ਕਲੀਨਿਕਲ ਸਥਾਪਨਾਵਾਂ (ਰਜਿਸਟਰੀਕਰਨ ਅਤੇ ਵਿਨਿਯਮ) ਐਕਟ, 2020

(2020 ਦਾ ਪੰਜਾਬ ਐਕਟ ਨੰ: 17)

ਪੰਜਾਬ ਰਾਜ ਵਿੱਚ ਕਲੀਨਿਕਲ ਸਥਾਪਨਾਵਾਂ ਦੇ ਰਜਿਸਟਰੀਕਰਨ ਅਤੇ ਵਿਨਿਯਮ ਦਾ ਉਪਬੰਧ ਕਰਨ ਅਤੇ ਇਸ ਨਾਲ ਸਬੰਧਤ ਜਾਂ ਉਨ੍ਹਾਂ ਦੇ ਅਨੁਸੰਗਕ ਮਾਮਲਿਆਂ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਇਕੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਕਲੀਨਿਕਲ ਸਥਾਪਨਾਵਾਂ (ਰਜਿਸਟਰੀਕਰਨ ਅਤੇ ਵਿਨਿਯਮ) ਐਕਟ, 2020 ਕਿਹਾ ਜਾ ਸਕੇਗਾ। ਸੰਖੇਪ ਨਾਂ, ਲਾਗੂ ਹੋਣਾ ਅਤੇ ਅਰੰਭ।

(2) ਇਹ ਸਾਰੇ ਪੰਜਾਬ ਰਾਜ ਤੇ ਲਾਗੂ ਹੋਵੇਗਾ।

(3) ਇਹ ਅਜਿਹੀ ਤਰੀਕ ਤੋਂ ਨਾਫ਼ਜ਼ ਹੋਵੇਗਾ ਜਿਵੇਂ ਰਾਜ ਸਰਕਾਰ, ਅਧਿਸੂਚਨਾ ਦੁਆਰਾ ਨਿਯਤ ਕਰੇ:

ਪਰੰਤੂ ਕਲੀਨਿਕਲ ਸਥਾਪਨਾਵਾਂ ਦੇ ਵੱਖ-ਵੱਖ ਵਰਗਾਂ ਅਤੇ ਸਮਰੱਥਾਵਾਂ ਅਤੇ ਚਕਿਤਸਾ ਦੀਆਂ ਵੱਖ-ਵੱਖ ਮਾਨਤਾ ਪ੍ਰਾਪਤ ਪ੍ਰਣਾਲੀਆਂ ਲਈ ਵੱਖ-ਵੱਖ ਤਰੀਕਾਂ ਨਿਯਤ ਕੀਤੀਆਂ ਜਾ ਸਕਦੀਆਂ ਹਨ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ।

(ੳ) "ਕਲੀਨਿਕਲ" ਸਥਾਪਨਾ ਦਾ ਮਤਲਬ ਹੈ,-

(i) ਇੱਕ ਹਸਪਤਾਲ, ਜਣੇਪਾ ਘਰ, ਨਰਸਿੰਗ ਹੋਮ, ਦਵਾਖਾਨਾ, ਕਲੀਨਿਕ, ਅਰੋਗਤਾ ਸਥਾਨ ਜਾਂ ਇੱਕ ਸੰਸਥਾ, ਜਿਸ ਨੂੰ ਕਿਸੇ ਵੀ ਨਾਮ ਨਾਲ ਜਾਣਿਆ ਜਾਂਦਾ ਹੈ, ਜੋ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੀ ਬੌਡੀ ਦੁਆਰਾ ਭਾਵੇਂ ਨਿਗਮਤ ਹੋਵੇ ਜਾਂ ਨਹੀਂ, ਸਥਾਪਤ, ਪ੍ਰਸ਼ਾਸਤ ਜਾਂ ਸੰਭਾਲੀ ਕਿਸੇ ਵੀ ਮਾਨਤਾ ਪ੍ਰਾਪਤ ਚਕਿਤਸਾ ਪ੍ਰਣਾਲੀ ਵਿੱਚ

ਬਿਮਾਰੀ, ਸੱਟ, ਅੰਗ ਵਿਗਾੜ, ਅਣ-ਨਾਰਮਲਤਾ ਜਾਂ ਗਰਭ ਅਵਸਥਾ ਲਈ ਰੋਗ-ਨਿਦਾਨ, ਇਲਾਜ ਜਾਂ ਦੇਖ-ਰੇਖ ਦੀਆਂ ਸੇਵਾਵਾਂ ਅਤੇ ਸਹੂਲਤਾਂ ਪੇਸ਼ ਕਰਦੀ ਹੋਵੇ; ਜਾਂ

(ii) ਬਿਮਾਰੀਆਂ ਦੇ ਰੋਗ ਨਿਦਾਨ ਜਾਂ ਇਲਾਜ ਦੇ ਸਬੰਧ ਵਿੱਚ ਉਪ-ਖੰਡ (i) ਵਿੱਚ ਹਵਾਲਾ ਦਿੱਤਾ ਗਿਆ ਇੱਕ ਸਥਾਨ ਜਾਂ ਕਲੀਨਿਕਲ ਸਥਾਪਨਾ ਦਾ ਹਿੱਸਾ ਜੋ ਇੱਕ ਸੁਤੰਤਰ ਹਸਤੀ ਦੇ ਤੌਰ ਤੇ ਸਥਾਪਤ ਕੀਤਾ ਗਿਆ ਹੈ ਜਿੱਥੇ ਪ੍ਰਯੋਗਸ਼ਾਲਾ ਜਾਂ ਦੂਜੇ ਚਕਿਤਸਾ ਸਾਜ਼-ਸਮਾਨ ਦੀ ਮੱਦਦ ਨਾਲ ਪੈਥਾਲੋਜੀਕਲ, ਜੀਵਾਣੂ ਵਿਗਿਆਨ ਸਬੰਧੀ, ਜਣਨਕ, ਰੇਡੀਓਲੋਜੀਕਲ, ਰਸਾਇਣਕ, ਜੀਵ ਵਿਗਿਆਨ ਸਬੰਧੀ ਛਾਣਬੀਣਾਂ ਜਾਂ ਦੂਜੇ ਨਿਦਾਨਕਾਰ ਜਾਂ ਛਾਣਬੀਣੀ ਸੇਵਾਵਾਂ ਆਮ ਤੌਰ ਤੇ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੀ ਬੌਡੀ ਦੁਆਰਾ, ਭਾਵੇਂ ਨਿਗਮਤ ਹੋਵੇ ਜਾਂ ਨਹੀਂ, ਚਲਾਈਆਂ, ਸਥਾਪਤ ਅਤੇ ਪ੍ਰਸ਼ਾਸਤ ਜਾਂ ਸੰਭਾਲੀਆਂ ਜਾ ਰਹੀਆਂ ਹਨ ਅਤੇ ਇਸ ਵਿੱਚ ਇੱਕ ਕਲੀਨਿਕਲ ਸਥਾਪਨਾ ਸ਼ਾਮਲ ਹੋਵੇਗੀ ਜਿਸ ਦੀ ਮਾਲਕੀ, ਕੰਟਰੋਲ ਜਾਂ ਪ੍ਰਬੰਧਨ ਹੇਠ-ਲਿਖਿਆਂ ਦੁਆਰਾ ਕੀਤਾ ਜਾਂਦਾ ਹੈ,-

(ੳ) ਸਰਕਾਰ ਜਾਂ ਸਰਕਾਰ ਦਾ ਇੱਕ ਵਿਭਾਗ;

(ਅ) ਇੱਕ ਟਰੱਸਟ ਭਾਵੇਂ ਜਨਤਕ ਜਾਂ ਪ੍ਰਾਈਵੇਟ;

(ੲ) ਕੇਂਦਰੀ, ਪ੍ਰਾਂਤਕ ਜਾਂ ਰਾਜ ਐਕਟ ਅਧੀਨ ਰਜਿਸਟਰਸ਼ੁਦਾ ਇੱਕ ਨਿਗਮ (ਜਿਸ ਵਿੱਚ ਸੋਸਾਇਟੀ ਵੀ ਸ਼ਾਮਲ ਹੈ), ਭਾਵੇਂ ਸਰਕਾਰ ਦੀ ਮਲਕੀਅਤ ਹੋਵੇ ਜਾਂ ਨਹੀਂ;

(ਸ) ਇੱਕ ਸਥਾਨਕ ਅਥਾਰਟੀ; ਅਤੇ

(ਹ) ਇੱਕ ਇਕੱਲਾ ਡਾਕਟਰ,

ਪਰੰਤੂ ਇਸ ਵਿੱਚ ਸੁਸਤਰਧਾਰੀ ਸੈਨਾਵਾਂ ਦੁਆਰਾ ਮਲਕੀਅਤ, ਕੰਟਰੋਲ ਕੀਤੇ ਜਾਂ ਪ੍ਰਬੰਧਨ ਕੀਤੀਆਂ ਕਲੀਨਿਕ ਸਥਾਪਨਾਵਾਂ ਸ਼ਾਮਲ ਨਹੀਂ ਹਨ।

ਵਿਆਖਿਆ.- ਇਸ ਖੰਡ ਦੇ ਪ੍ਰਯੋਜਨ ਲਈ "ਸ਼ਸ਼ਤਰਧਾਰੀ ਸੈਨਾਵਾਂ" ਦਾ ਮਤਲਬ ਹੈ ਸੈਨਾ ਐਕਟ, 1950, ਹਵਾਈ ਸੈਨਾ ਐਕਟ, 1950 ਅਤੇ ਜਲ ਸੈਨਾ ਐਕਟ, 1957 ਅਧੀਨ ਗਠਤ ਕੀਤੀਆਂ ਗਈਆਂ ਸੈਨਾਵਾਂ;

(ਅ) "ਕਲੀਨਿਕਲ ਸਥਾਪਨਾਵਾਂ ਦਾ ਜ਼ਿਲ੍ਹਾ ਰਜਿਸਟਰ" ਦਾ ਮਤਲਬ ਹੈ ਸਬੰਧਤ ਜ਼ਿਲ੍ਹਾ ਰਜਿਸਟਰੀਕਰਨ ਅਥਾਰਟੀ ਦੁਆਰਾ ਸੰਭਾਲਿਆ ਜਾਂਦਾ ਰਜਿਸਟਰ;

(ੲ) "ਜ਼ਿਲ੍ਹਾ ਰਜਿਸਟਰੀਕਰਨ ਅਥਾਰਟੀ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 9 ਅਧੀਨ ਸਥਾਪਤ ਕਲੀਨਿਕਲ ਸਥਾਪਨਾਵਾਂ ਲਈ ਜ਼ਿਲ੍ਹਾ ਰਜਿਸਟਰੀਕਰਨ ਅਥਾਰਟੀ;

(ਸ) "ਅਧਿਸੂਚਨਾ" ਦਾ ਮਤਲਬ ਹੈ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਇੱਕ ਅਧਿਸੂਚਨਾ;

(ਹ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਨਿਯਮਾਂ ਦੁਆਰਾ ਮੁਕੱਰਰ;

(ਕ) "ਪੰਜਾਬ ਰਾਜ ਅਪੀਲੀ ਅਥਾਰਟੀ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 34 ਅਧੀਨ ਸਥਾਪਤ ਕਲੀਨਿਕਲ ਸਥਾਪਨਾਵਾਂ ਲਈ ਪੰਜਾਬ ਰਾਜ ਅਪੀਲੀ ਅਥਾਰਟੀ;

(ਖ) "ਪੰਜਾਬ ਰਾਜ ਪਰਿਸ਼ਦ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਸਥਾਪਤ ਪੰਜਾਬ ਰਾਜ ਕਲੀਨਿਕਲ ਸਥਾਪਨਾਵਾਂ ਪਰਿਸ਼ਦ;

(ਗ) "ਪੰਜਾਬ ਰਾਜ ਮਾਸਟਰ ਰਜਿਸਟਰ" ਦਾ ਮਤਲਬ ਹੈ ਪੰਜਾਬ ਰਾਜ ਪਰਿਸ਼ਦ ਦੁਆਰਾ ਸਾਂਭ-ਸੰਭਾਲ ਕੀਤਾ ਜਾਂਦਾ ਅਤੇ ਉਕਤ ਪਰਿਸ਼ਦ ਦੇ ਨਮਿੱਤ ਕਲੀਨਿਕਲ ਸਥਾਪਨਾਵਾਂ ਦੇ ਰਾਜ ਰਜਿਸਟਰਾਰ ਦੁਆਰਾ ਸੰਕਲਿਤ ਅਤੇ ਅਪਡੇਟ ਕੀਤਾ ਜਾਣ ਵਾਲਾ ਕਲੀਨਿਕਲ ਸਥਾਪਨਾਵਾਂ ਦਾ ਪੰਜਾਬ ਰਾਜ ਮਾਸਟਰ ਰਜਿਸਟਰ;

(ਘ) "ਕਾਬਲ ਮੈਡੀਕਲ ਪ੍ਰੈਕਟੀਸ਼ਨਰ" ਦਾ ਮਤਲਬ ਹੈ ਪੰਜਾਬ ਰਾਜ ਵਿੱਚ ਮਾਨਤਾ ਪ੍ਰਾਪਤ ਚਕਿਤਸਾ ਪ੍ਰਣਾਲੀ ਵਿੱਚ ਮੈਡੀਕਲ ਪ੍ਰੈਕਟੀਸ਼ਨਰਾਂ ਦੇ ਰਜਿਸਟਰੀਕਰਨ ਲਈ ਗਠਤ ਜਾਂ ਸਥਾਪਤ ਪ੍ਰਵਿਧਾਨਕ ਰਾਜ ਪਰਿਸ਼ਦ ਜਾਂ ਪ੍ਰਵਿਧਾਨਕ ਰਾਸ਼ਟਰੀ ਪਰਿਸ਼ਦ ਨਾਲ ਰਜਿਸਟਰਸ਼ੁਦਾ ਮੈਡੀਕਲ ਪ੍ਰੈਕਟੀਸ਼ਨਰ;

(ਙ) "ਕਾਬਲ ਨਰਸ" ਦਾ ਮਤਲਬ ਹੈ ਪੰਜਾਬ ਰਾਜ ਵਿੱਚ ਨਰਸਾਂ ਦੇ ਰਜਿਸਟਰੀਕਰਨ ਲਈ ਗਠਤ ਜਾਂ ਸਥਾਪਤ ਕੀਤੀ ਪ੍ਰਵਿਧਾਨਕ ਰਾਜ ਪਰਿਸ਼ਦ ਜਾਂ ਪ੍ਰਵਿਧਾਨਿਕ ਰਾਸ਼ਟਰੀ ਪਰਿਸ਼ਦ ਨਾਲ ਰਜਿਸਟਰਸ਼ੁਦਾ ਇੱਕ ਨਰਸ;

(ਚ) "ਕਾਬਲ ਪੈਰਾ-ਮੈਡੀਕਲ ਵਿਅਕਤੀ" ਦਾ ਮਤਲਬ ਹੈ ਰਾਜ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਕਿਸੇ ਮਾਨਤਾ ਪ੍ਰਾਪਤ ਸੰਸਥਾ ਤੋਂ ਕਾਬਲੀਅਤ ਧਾਰਨ ਕਰਦਾ ਇੱਕ ਵਿਅਕਤੀ ਜਿੱਥੇ ਅਜਿਹੀ ਨਫ਼ਰੀ ਦੇ ਰਜਿਸਟਰੀਕਰਨ ਲਈ ਕੋਈ ਪ੍ਰਵਿਧਾਨਿਕ ਰਾਜ ਜਾਂ ਰਾਸ਼ਟਰੀ ਪਰਿਸ਼ਦ ਜਾਂ ਸੰਸਥਾ ਨਾ ਹੋਵੇ;

(ਛ) "ਮਾਨਤਾ ਪ੍ਰਾਪਤ ਦਵਾਈ ਪ੍ਰਣਾਲੀ" ਦਾ ਮਤਲਬ ਹੈ ਐਲੋਪੈਥੀ, ਯੋਗਾ, ਨੈਚਰੋਪੈਥੀ, ਆਯੂਰਵੇਦ, ਹੋਮਿਓਪੈਥੀ, ਸਿੱਧ ਅਤੇ ਯੂਨਾਨੀ ਦਵਾਈਆਂ ਦੀ ਪ੍ਰਣਾਲੀ ਜਾਂ ਕੋਈ ਹੋਰ ਦਵਾਈ ਪ੍ਰਣਾਲੀ ਜੋ ਰਾਜ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਹੋਵੇ;

(ਜ) "ਰਜਿਸਟਰੀਕਰਨ" ਦਾ ਮਤਲਬ ਹੈ ਇਸ ਐਕਟ ਅਧੀਨ ਰਾਜ ਰਜਿਸਟਰੀਕਰਨ ਅਥਾਰਟੀ ਜਾਂ ਸਬੰਧਤ ਜ਼ਿਲ੍ਹਾ ਰਜਿਸਟਰੀਕਰਨ ਅਥਾਰਟੀ, ਜਿਹੀ ਕਿ ਸੂਰਤ ਹੋਵੇ, ਦੁਆਰਾ ਕਲੀਨਿਕਲ

ਸਥਾਪਨਾਵਾਂ ਦਾ ਰਜਿਸਟਰੀਕਰਨ ਅਤੇ ਪਦ ਰਜਿਸਟਰੀਕਰਨ ਜਾਂ ਰਜਿਸਟਰਸ਼ੁਦਾ ਦਾ ਅਰਥ ਉਸ ਅਨੁਸਾਰ ਕੱਢਿਆ ਜਾਵੇਗਾ;

(ਝ) "ਸੇਵਾ ਪ੍ਰਦਾਤਾ" ਦਾ ਮਤਲਬ ਹੈ ਇੱਕ ਕਾਬਲ ਮੈਡੀਕਲ ਪ੍ਰੈਕਟੀਸ਼ਨਰ, ਕਾਬਲ ਨਰਸ, ਕਾਬਲ ਪੈਰਾ-ਮੈਡੀਕਲ ਵਿਅਕਤੀ, ਸਮਾਜ ਸੇਵਕ ਜਾਂ ਹੋਰ ਮੁਨਾਸਬ ਢੰਗ ਨਾਲ ਸਿਖਲਾਈ ਪ੍ਰਾਪਤ ਅਤੇ ਕਾਬਲ ਵਿਅਕਤੀ ਜੋ ਵਿਸ਼ੇਸ਼ ਸਿਹਤ ਸੇਵਾਵਾਂ ਨਾਲ ਸੁਸੰਗਤ ਖਾਸ ਹੁਨਰ ਰੱਖਦਾ ਹੋਵੇ, ਜਿਸ ਵਿੱਚ ਕਲੀਨਿਕਲ ਸਥਾਪਨਾਵਾਂ ਦਾ ਪ੍ਰਬੰਧਨ ਵੀ ਸ਼ਾਮਲ ਹੈ, ਅਤੇ ਸੇਵਾ ਪ੍ਰਦਾਤਾ ਵੱਲੋਂ ਦਿੱਤੇ ਕਿਸੇ ਹਵਾਲੇ ਦਾ ਅਰਥ ਉਹੀ ਹੋਵੇਗਾ ਜਦੋਂ ਤੱਕ ਖ਼ਾਸ ਤੌਰ ਤੇ ਹੋਰ ਤਰ੍ਹਾਂ ਨਹੀਂ ਦੱਸਿਆ ਜਾਂਦਾ;

(ਞ) "ਸੇਵਾ ਪ੍ਰਾਪਤ ਕਰਤਾ" ਦਾ ਮਤਲਬ ਹੈ ਉਹ ਵਿਅਕਤੀ ਜੋ ਕਿਸੇ ਵੀ ਕਲੀਨਿਕਲ ਸਥਾਪਨਾ ਜਾਂ ਸੇਵਾ ਪ੍ਰਦਾਤਾ ਤੋਂ ਬਾਹਰੀ ਮਰੀਜ਼ ਜਾਂ ਦਾਖ਼ਲ ਮਰੀਜ਼ ਵਜੋਂ ਕੋਈ ਇਲਾਜ ਜਾਂ ਸਿਹਤ ਸੰਭਾਲ ਚਾਹੁੰਦਾ ਹੈ, ਪਹੁੰਚ ਕਰਦਾ ਹੈ ਜਾਂ ਪ੍ਰਾਪਤ ਕਰਦਾ ਹੈ;

(ਟ) "ਮਿਆਰਾਂ" ਦਾ ਮਤਲਬ ਹੈ ਅਜਿਹੀਆਂ ਸ਼ਰਤਾਂ ਜਿਵੇਂ ਕਿ ਰਾਜ ਸਰਕਾਰ ਵੱਲੋਂ ਕਲੀਨਿਕਲ ਸਥਾਪਨਾਵਾਂ ਦੇ ਰਜਿਸਟਰੀਕਰਨ ਅਤੇ ਵਿਨਿਯਮ ਲਈ ਮੁਕੱਰਰ ਕੀਤੀਆਂ ਜਾ ਸਕਦੀਆਂ ਹੋਣ;

(ਠ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਵਿੱਚ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ;

(ਡ) "ਕਲੀਨਿਕਲ ਸਥਾਪਨਾਵਾਂ ਦਾ ਰਾਜ ਰਜਿਸਟਰ" ਦਾ ਮਤਲਬ ਹੈ ਰਾਜ ਰਜਿਸਟਰੀਕਰਨ ਅਥਾਰਟੀ ਦੁਆਰਾ ਸੰਭਾਲਿਆ ਜਾਂਦਾ ਰਜਿਸਟਰ; ਅਤੇ

(ਢ) "ਰਾਜ ਰਜਿਸਟਰੀਕਰਨ ਅਥਾਰਟੀ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 7 ਅਧੀਨ ਸਥਾਪਤ ਕੀਤੀ ਰਾਜ ਰਜਿਸਟਰੀਕਰਨ ਕਲੀਨਿਕਲ ਸਥਾਪਨਾਵਾਂ ਅਥਾਰਟੀ।

## ਅਧਿਆਏ II

## ਪੰਜਾਬ ਰਾਜ ਕਲੀਨਿਕਲ ਸਥਾਪਨਾਵਾਂ ਪਰਿਸ਼ਦ

ਪੰਜਾਬ ਰਾਜ ਪਰਿਸ਼ਦ ਦੀ ਸਥਾਪਨਾ।

3. (1) ਉਸ ਤਰੀਕ ਤੋਂ ਪ੍ਰਭਾਵੀ ਜਿਵੇਂ ਰਾਜ ਸਰਕਾਰ ਇਸ ਨਮਿੱਤ ਅਧਿਸੂਚਨਾ ਦੁਆਰਾ ਨਿਯਤ ਕਰੇ, ਇਸ ਐਕਟ ਦੇ ਪ੍ਰਯੋਜਨਾਂ ਲਈ ਪੰਜਾਬ ਰਾਜ ਪਰਿਸ਼ਦ ਸਥਾਪਤ ਕੀਤੀ ਜਾਵੇਗੀ ਜਿਸ ਨੂੰ ਪੰਜਾਬ ਰਾਜ ਕਲੀਨਿਕਲ ਸਥਾਪਨਾਵਾਂ ਪਰਿਸ਼ਦ ਕਿਹਾ ਜਾ ਸਕੇਗਾ।

(2) ਪੰਜਾਬ ਰਾਜ ਪਰਿਸ਼ਦ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | |
|---|---|---|
| (ੳ) | ਪ੍ਰਬੰਧਕੀ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ; | ਚੇਅਰਪਰਸਨ |

| | | |
|---|---|---|
| (ਅ) | ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ; | ਮੈਂਬਰ-ਸਕੱਤਰ |
| (ੲ) | ਡਾਇਰੈਕਟਰ, ਸਿਹਤ ਸੇਵਾਵਾਂ (ਪਰਿਵਾਰ ਭਲਾਈ), ਪੰਜਾਬ; | ਮੈਂਬਰ |
| (ਸ) | ਡਾਇਰੈਕਟਰ, ਸਿਹਤ ਸੇਵਾਵਾਂ (ਸਮਾਜ ਬੀਮਾ), ਪੰਜਾਬ; | ਮੈਂਬਰ |
| (ਹ) | ਰਾਜ ਸਰਕਾਰ ਦੇ ਵੱਖ-ਵੱਖ ਮਾਨਤਾ ਪ੍ਰਾਪਤ ਦਵਾਈ ਪ੍ਰਣਾਲੀਆਂ ਦੇ ਡਾਇਰੈਕਟਰ, ਜਿਨ੍ਹਾਂ ਵਿੱਚ ਡਾਇਰੈਕਟਰ, ਆਯੂਰਵੇਦ, ਪੰਜਾਬ ਅਤੇ ਹੋਮੀਓਪੈਥਿਕ ਵਿਭਾਗ ਦੇ ਮੁੱਖੀ ਸ਼ਾਮਲ ਹਨ, ਪਰ ਇਨਾਂ ਤੱਕ ਸੀਮਤ ਨਹੀਂ ਹੈ; | ਮੈਂਬਰ |
| (ਕ) | ਪੰਜਾਬ ਮੈਡੀਕਲ ਪਰਿਸ਼ਦ ਦਾ ਪ੍ਰਧਾਨ; | ਮੈਂਬਰ |
| (ਖ) | ਪੰਜਾਬ ਦੰਦਕ ਪਰਿਸ਼ਦ ਦਾ ਪ੍ਰਧਾਨ; | ਮੈਂਬਰ |
| (ਗ) | ਪੰਜਾਬ ਨਰਸ ਰਜਿਸਟਰੀਕਰਨ ਪਰਿਸ਼ਦ ਦਾ ਰਜਿਸਟਰਾਰ; | ਮੈਂਬਰ |
| (ਘ) | ਪੰਜਾਬ ਰਾਜ ਦਵਾਖਾਨਾ ਪਰਿਸ਼ਦ ਦਾ ਰਜਿਸਟਰਾਰ; | ਮੈਂਬਰ |
| (ਙ) | ਆਯੂਰਵੈਦਿਕ ਅਤੇ ਯੂਨਾਨੀ ਦਵਾਈ ਪ੍ਰਣਾਲੀਆਂ ਦਾ ਕਾਰਜਕਾਰੀ ਬੋਰਡ, ਪੰਜਾਬ, ਦੁਆਰਾ ਚੁਣਿਆ ਗਿਆ ਇੱਕ ਪ੍ਰਤੀਨਿਧ; | ਮੈਂਬਰ |
| (ਚ) | ਭਾਰਤੀ ਚਕਿਤਸਾ ਸਭਾ ਦੀ ਰਾਜ ਸ਼ਾਖਾ ਦਾ ਇੱਕ ਪ੍ਰਤੀਨਿਧ; | ਮੈਂਬਰ |
| (ਛ) | ਪੈਰਾ ਮੈਡੀਕਲ ਪ੍ਰਣਾਲੀਆਂ ਦੇ ਖੇਤਰ ਤੋਂ ਰਾਜ ਸਰਕਾਰ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਪ੍ਰਤੀਨਿਧ; | ਮੈਂਬਰ |
| (ਜ) | ਰਾਜ ਪੱਧਰੀ ਖਪਤਕਾਰ ਸਮੂਹਾਂ ਜਾਂ ਸਿਹਤ ਸੰਭਾਲ ਦੇ ਖੇਤਰ ਵਿੱਚ ਕੰਮ ਕਰ ਰਹੀਆਂ ਪ੍ਰਸਿੱਧ ਗੈਰ ਸਰਕਾਰੀ ਸੰਗਠਨਾਂ ਵਿੱਚੋਂ ਰਾਜ ਸਰਕਾਰ ਦੁਆਰਾ ਨਾਮਜ਼ਦ ਕੀਤੇ ਗਏ ਦੋ ਪ੍ਰਤੀਨਿਧ; ਅਤੇ | ਮੈਂਬਰ |

(ਝ) ਰਾਜ ਸਰਕਾਰ ਦੁਆਰਾ ਨਾਮਜ਼ਦ ਮੈਂਬਰ ਕੀਤਾ ਇੱਕ ਕਾਨੂੰਨ ਅਧਿਕਾਰੀ।

(3) ਨਾਮਜ਼ਦ ਅਤੇ ਚੁਣੇ ਗਏ ਮੈਂਬਰ ਤਿੰਨ ਸਾਲਾਂ ਦੀ ਅਉਧ ਲਈ ਅਹੁਦਾ ਧਾਰਨ ਕਰਨਗੇ, ਪਰੰਤੂ ਵੱਧ ਤੋਂ ਵੱਧ ਤਿੰਨ ਸਾਲਾਂ ਤੋਂ ਨਾ ਵੱਧ ਹੋਣ ਵਾਲੀ ਇੱਕ ਵਾਧੂ ਅਉਧ ਲਈ ਮੁੜ ਨਾਮਜ਼ਦਗੀ ਲਈ ਪਾਤਰ ਹੋਣਗੇ:

ਪਰੰਤੂ ਇਸ ਤਰ੍ਹਾਂ ਨਾਮਜ਼ਦ ਜਾਂ ਚੁਣਿਆ ਗਿਆ ਵਿਅਕਤੀ, ਜਿਹੀ ਕਿ ਸੂਰਤ ਹੋਵੇ, ਉਨਾ ਚਿਰ ਅਹੁਦਾ ਸੰਭਾਲੇਗਾ ਜਦ ਤੱਕ ਉਹ ਉਸ ਅਹੁਦੇ ਜਾਂ ਪਦਵੀ ਤੇ ਨਿਯੁਕਤੀ ਧਾਰਨ ਕਰਦਾ ਹੈ ਜਿਸ ਦੇ ਆਧਾਰ ਤੇ ਉਹ ਪਰਿਸ਼ਦ ਲਈ ਨਾਮਜ਼ਦ ਜਾਂ ਚੁਣਿਆ ਗਿਆ ਸੀ।

(4) ਪੰਜਾਬ ਰਾਜ ਪਰਿਸ਼ਦ, ਰਾਜ ਸਰਕਾਰ ਦੀ ਪੂਰਵ ਪ੍ਰਵਾਨਗੀ ਦੇ ਤਾਬੇ, ਕੋਰਮ ਨਿਰਧਾਰਤ ਕਰਨ ਅਤੇ ਆਪਣੇ ਖੁਦ ਦੇ ਜ਼ਾਬਤੇ ਅਤੇ ਇਸ ਦੁਆਰਾ ਕੀਤੇ ਜਾਣ ਵਾਲੇ ਕਾਜਕਾਰ ਦੇ ਸੰਚਾਲਨ ਨੂੰ ਨਿਯਮਤ ਕਰਨ ਲਈ ਉਪ-ਕਾਨੂੰਨ ਬਣਾ ਸਕਦੀ ਹੈ।

(5) ਪੰਜਾਬ ਰਾਜ ਪਰਿਸ਼ਦ ਤਿੰਨ ਮਹੀਨਿਆਂ ਵਿੱਚ ਘੱਟੋ-ਘੱਟ ਇੱਕ ਵਾਰ ਇਕੱਤਰਤਾ ਕਰੇਗੀ।

(6) ਪੰਜਾਬ ਰਾਜ ਪਰਿਸ਼ਦ ਦੇ ਕਾਰਜ ਕਿਸੇ ਵੀ ਖ਼ਾਲੀ ਅਸਾਮੀ ਦੇ ਹੁੰਦਿਆਂ ਹੋਇਆਂ ਵੀ ਕੀਤੇ ਜਾ ਸਕਦੇ ਹਨ।

ਪੰਜਾਬ ਰਾਜ ਪਰਿਸ਼ਦ ਦੇ ਕਾਰਜ ਅਤੇ ਸ਼ਕਤੀਆਂ।

4. ਪੰਜਾਬ ਰਾਜ ਪਰਿਸ਼ਦ ਕੋਲ ਹੇਠ-ਲਿਖੇ ਕਾਰਜ ਅਤੇ ਸ਼ਕਤੀਆਂ ਹੋਣਗੀਆਂ, ਅਰਥਾਤ:-

(ੳ) ਪੰਜਾਬ ਰਾਜ ਮਾਸਟਰ ਰਜਿਸਟਰ ਨੂੰ ਸੰਭਾਲਣਾ;

(ਅ) ਰਾਸ਼ਟਰੀ ਰਜਿਸਟਰ ਨੂੰ ਅਪਡੇਟ ਕਰਨ ਲਈ ਮਹੀਨਾਵਾਰ ਰਿਟਰਨ ਭੇਜਣਾ ਜਿਵੇਂ ਕਿ ਕੇਂਦਰੀ ਸਰਕਾਰ ਜਾਂ ਕਲੀਨਿਕਲ ਸਥਾਪਨਾਵਾਂ (ਰਜਿਸਟਰੀਕਰਨ ਅਤੇ ਵਿਨਿਯਮ) ਐਕਟ, 2010 (2010 ਦਾ ਕੇਂਦਰੀ ਐਕਟ ਨੰ: 23) ਅਧੀਨ ਸਥਾਪਤ ਰਾਸ਼ਟਰੀ ਪਰਿਸ਼ਦ ਦੁਆਰਾ ਲੋੜਿਆ ਜਾਵੇ;

(ੲ) ਪੰਜਾਬ ਰਾਜ ਦੀ ਰਾਸ਼ਟਰੀ ਪਰਿਸ਼ਦ ਵਿੱਚ ਨੁਮਾਇੰਦਗੀ ਕਰਨਾ ਜਿਵੇਂ ਕਿ ਕੇਂਦਰੀ ਸਰਕਾਰ ਜਾਂ ਕਲੀਨਿਕਲ ਸਥਾਪਨਾਵਾਂ (ਰਜਿਸਟਰੀਕਰਨ ਅਤੇ ਵਿਨਿਯਮ) ਐਕਟ, 2010 (2010 ਦਾ ਐਕਟ ਨੰ: 23) ਅਧੀਨ ਸਥਾਪਤ ਰਾਸ਼ਟਰੀ ਪਰਿਸ਼ਦ ਦੁਆਰਾ ਲੋੜਿਆ ਜਾਵੇ;

(ਸ) ਇਸ ਐਕਟ ਦੇ ਪਰਿਪਾਲਣ ਦੀ ਪਰਿਸਥਿਤੀ ਸਬੰਧੀ ਰਿਪੋਰਟ ਦਾ ਸਲਾਨਾ ਆਧਾਰ ਤੇ ਪ੍ਰਕਾਸ਼ਨ ਕਰਵਾਉਣਾ;

(ਹ) ਆਪਣੀਆਂ ਭੂਮਿਕਾਵਾਂ ਅਤੇ ਕਾਜਕਾਰਾਂ ਨੂੰ ਨਿਭਾਉਣ ਲਈ ਕੋਈ ਕਮੇਟੀ ਗਠਤ ਕਰਨਾ;

(ਕ) ਕਲੀਨਿਕਲ ਸਥਾਪਨਾਵਾਂ ਦੇ ਉਚਿਤ ਕਾਰਜਕਰਤਾ ਲਈ ਨਿਰਦੇਸ਼ ਜਾਰੀ ਕਰਨੇ ਜਿਸ ਵਿੱਚ ਰਿਟਰਨਾਂ, ਅੰਕੜੇ ਅਤੇ ਹੋਰ ਜਾਣਕਾਰੀ ਮੁਹੱਈਆ ਕਰਨਾ ਸ਼ਾਮਲ ਹਨ, ਅਤੇ ਸਮੇਂ ਸਮੇਂ ਤੇ ਜਾਰੀ ਕੀਤੇ ਅਜਿਹੇ ਨਿਰਦੇਸ਼ ਬੰਧਨਕਾਰੀ ਹੋਣਗੇ;

(ਖ) ਆਪਣੇ ਨਾਲ ਕੋਈ ਵਿਅਕਤੀ ਜਾਂ ਬੌਡੀ ਨੂੰ ਸਹਿਯੁਕਤ ਕਰਨਾ, ਜਿਸ ਦੀ ਸਹਾਇਤਾ ਜਾਂ ਸਲਾਹ ਇਸ ਐਕਟ ਦੇ ਅਧੀਨ ਕਿਸੇ ਵੀ ਉਪਬੰਧਾਂ ਅਧੀਨ ਆਪਣੇ ਕਾਰਜਾਂ ਨੂੰ ਸਿਰੇ ਚਾੜ੍ਹਨ ਵਿੱਚ ਲੋੜੀਂਦੀ ਹੋਵੇ; ਅਤੇ

(ਗ) ਕੋਈ ਹੋਰ ਕਾਰਜ, ਜੋ ਸਮੇਂ-ਸਮੇਂ ਤੇ ਰਾਜ ਸਰਕਾਰ ਦੁਆਰਾ ਨਿਰਧਾਰਤ ਕੀਤੇ ਜਾ ਸਕਦੇ ਹਨ।

ਪੰਜਾਬ ਰਾਜ ਪਰਿਸ਼ਦ ਦੇ ਮੈਂਬਰ ਦੀ ਨਾਕਾਬਲੀਅਤ।

5. ਕੋਈ ਵਿਅਕਤੀ ਪੰਜਾਬ ਰਾਜ ਪਰਿਸ਼ਦ ਦਾ ਮੈਂਬਰ ਨਿਯੁਕਤ ਹੋਣ ਤੋਂ ਨਾਕਾਬਲ ਹੋਵੇਗਾ, ਜੇ ਉਹ-

(ੳ) ਕਿਸੇ ਅਜਿਹੇ ਅਪਰਾਧ ਲਈ ਸਿੱਧ-ਦੋਸ਼ੀ ਠਹਿਰਾਇਆ ਗਿਆ ਹੋਵੇ ਅਤੇ ਸਜ਼ਾ ਨਾਲ ਦੰਡਤ ਕੀਤਾ ਗਿਆ ਹੋਵੇ, ਜੋ ਰਾਜ ਸਰਕਾਰ ਦੀ ਰਾਏ ਵਿੱਚ ਸਦਾਚਾਰਕ ਗਿਰਾਵਟ ਵਾਲਾ ਹੋਵੇ; ਜਾਂ

(ਅ) ਅਮੁਕਤ ਦਿਵਾਲੀਆ ਹੋਵੇ; ਜਾਂ

(ੲ) ਵਿਗੜ ਚਿੱਤ ਹੋਵੇ ਅਤੇ ਸਮਰੱਥ ਅਦਾਲਤ ਦੁਆਰਾ ਅਜਿਹਾ ਘੋਸ਼ਿਤ ਕੀਤਾ ਗਿਆ ਹੋਵੇ; ਜਾਂ

(ਸ) ਸਰਕਾਰ ਜਾਂ ਸਰਕਾਰ ਦੀ ਕੋਈ ਹੋਰ ਪ੍ਰਵਿਧਾਨਕ ਬੌਡੀ ਦੁਆਰਾ ਮਲਕੀਅਤ ਜਾਂ ਨਿਯੰਤਰਿਤ ਸਰਕਾਰੀ ਜਾਂ ਨਿਗਮ ਦੀ ਸੇਵਾ ਤੋਂ ਹਟਾਇਆ ਜਾਂ ਬਰਖ਼ਾਸਤ ਕੀਤਾ ਗਿਆ ਹੋਵੇ; ਜਾਂ

(ਹ) ਰਾਜ ਸਰਕਾਰ ਦੀ ਰਾਏ ਵਿੱਚ ਪੰਜਾਬ ਰਾਜ ਪਰਿਸ਼ਦ ਵਿੱਚ ਉਸ ਦਾ ਅਜਿਹਾ ਵਿੱਤੀ ਜਾਂ ਹੋਰ ਹਿੱਤ ਹੋਵੇ ਜਿਸ ਨਾਲ ਉਸ ਦੇ ਮੈਂਬਰ ਵਜੋਂ ਕਾਰਜਾਂ ਜਾਂ ਕਰਤੱਵਾਂ ਨੂੰ ਨਿਭਾਉਣ ਤੇ ਪ੍ਰਤੀਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੋਵੇ।

## ਅਧਿਆਏ III

## ਕਲੀਨਿਕਲ ਸਥਾਪਨਾਵਾਂ ਲਈ ਰਜਿਸਟਰੀਕਰਨ ਅਤੇ ਮਿਆਰ

ਕਲੀਨਿਕਲ ਸਥਾਪਨਾਵਾਂ ਦਾ ਰਾਜ ਰਜਿਸਟਰਾਰ।

6. (1) ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ, ਕਲੀਨਿਕਲ ਸਥਾਪਨਾਵਾਂ ਦਾ ਰਾਜ ਰਜਿਸਟਰਾਰ ਹੋਵੇਗਾ।

(2) ਕਲੀਨਿਕਲ ਸਥਾਪਨਾਵਾਂ ਦੇ ਰਾਜ ਰਜਿਸਟਰਾਰ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਉਹ ਪੰਜਾਬ ਰਾਜ ਪਰਿਸ਼ਦ ਦੇ ਨਮਿੱਤ ਪੰਜਾਬ ਰਾਜ ਮਾਸਟਰ ਰਜਿਸਟਰ ਸੰਕਲਿਤ ਅਤੇ ਅਪਡੇਟ ਕਰੇ।

ਰਾਜ ਰਜਿਸਟਰੀਕਰਨ ਅਥਾਰਟੀ।

7. (1) ਉਸ ਤਰੀਕ ਤੋਂ ਪ੍ਰਭਾਵੀ ਜਿਵੇਂ ਰਾਜ ਸਰਕਾਰ, ਇਸ ਨਮਿੱਤ ਅਧਿਸੂਚਨਾ ਦੁਆਰਾ ਨਿਯਤ ਕਰੇ, ਇਸ ਐਕਟ ਦੇ ਪ੍ਰਯੋਜਨਾਂ ਲਈ, ਰਾਜ ਰਜਿਸਟਰੀਕਰਨ ਅਥਾਰਟੀ ਸਥਾਪਤ ਕੀਤੀ ਜਾਵੇਗੀ ਜਿਸ ਨੂੰ ਰਾਜ ਰਜਿਸਟਰੀਕਰਨ ਕਲੀਨਿਕਲ ਸਥਾਪਨਾਵਾਂ ਅਥਾਰਟੀ ਕਿਹਾ ਜਾ ਸਕੇਗਾ।

(2) ਰਾਜ ਰਜਿਸਟਰੀਕਰਨ ਅਥਾਰਟੀ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | |
|---|---|---|
| (i) | ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ; | ਚੇਅਰਪਰਸਨ |
| (ii) | ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ ਦੇ ਦਫ਼ਤਰ ਤੋਂ ਰਾਜ ਸਰਕਾਰ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਡਿਪਟੀ ਡਾਇਰੈਕਟਰ; | ਮੈਂਬਰ |
| (iii) | ਰਾਜ ਸਰਕਾਰ ਦੁਆਰਾ ਨਾਮਜ਼ਦ ਕੀਤਾ ਜਾਣ ਵਾਲਾ ਇੱਕ ਕਾਨੂੰਨ ਅਧਿਕਾਰੀ; ਅਤੇ | ਮੈਂਬਰ |
| (iv) | ਇਸ ਐਕਟ ਲਈ ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ, ਦੇ ਡਾਇਰੈਕਟਰ ਦੇ ਦਫ਼ਤਰ ਵਿੱਚ ਨੋਡਲ ਅਧਿਕਾਰੀ। | ਮੈਂਬਰ |

ਰਾਜ ਰਜਿਸਟਰੀਕਰਨ ਅਥਾਰਟੀ ਦੇ ਕਾਰਜ।

8. ਰਾਜ ਰਜਿਸਟਰੀਕਰਨ ਅਥਾਰਟੀ ਹੇਠ-ਲਿਖੇ ਕਾਰਜ ਨਿਭਾਏਗੀ, ਅਰਥਾਤ:-

(i) ਇੱਕ ਸੌ ਜਾਂ ਇਸ ਤੋਂ ਜ਼ਿਆਦਾ ਬਿਸਤਰਿਆਂ ਵਾਲੇ ਕਲੀਨਿਕਲ ਸਥਾਪਨਾਵਾਂ ਦਾ ਰਜਿਸਟਰੀਕਰਨ ਕਰਨਾ;

(ii) ਅਜਿਹੇ ਤਰੀਕੇ ਨਾਲ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ, ਪ੍ਰਕਾਸ਼ਤ ਕਰਨਾ,-

(ੳ) ਇੱਕ ਸੌ ਅਤੇ ਇਸ ਤੋਂ ਜ਼ਿਆਦਾ ਬਿਸਤਰਿਆਂ ਵਾਲੇ ਆਰਜ਼ੀ ਤੌਰ ਤੇ ਰਜਿਸਟਰਸ਼ੁਦਾ ਕਲੀਨਿਕਲ ਸਥਾਪਨਾਵਾਂ ਦੀ ਸੂਚੀ;

(ਅ) ਇੱਕ ਸੌ ਜਾਂ ਇਸ ਤੋਂ ਜ਼ਿਆਦਾ ਬਿਸਤਰਿਆਂ ਵਾਲੇ ਕਲੀਨਿਕਲ ਸਥਾਪਨਾਵਾਂ ਦੀ ਸੂਚੀ, ਜਿਨ੍ਹਾਂ ਨੇ ਸਥਾਈ ਰਜਿਸਟਰੀਕਰਨ ਲਈ ਸਬੂਤ ਜਮ੍ਹਾਂ ਕਰਵਾਏ ਹਨ; ਅਤੇ

(ੲ) ਗੁਜ਼ਰ ਚੁੱਕੀਆਂ ਰਜਿਸਟਰੀਕਰਨਾਂ ਦੀ ਸੂਚੀ;

(iii) ਯੋਗ ਨੋਟਿਸ ਤੋਂ ਬਾਅਦ ਇੱਕ ਸੌ ਜਾਂ ਇਸ ਤੋਂ ਜ਼ਿਆਦਾ ਬਿਸਤਰਿਆਂ ਵਾਲੇ ਰਜਿਸਟਰ ਨ ਹੋਏ ਕਲੀਨਿਕਲ ਸਥਾਪਨਾਵਾਂ ਵਿੱਚ ਪ੍ਰਵੇਸ਼ ਅਤੇ ਤਲਾਸ਼ੀ ਕਰਨਾ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ;

(iv) ਇੱਕ ਬਹੁ-ਮੈਂਬਰੀ ਨਿਰੀਖਣ ਟੀਮ ਦੁਆਰਾ ਇੱਕ ਸੌ ਜਾਂ ਇਸ ਤੋਂ ਜ਼ਿਆਦਾ ਬਿਸਤਰਿਆਂ ਵਾਲੇ ਰਜਿਸਟਰਸ਼ੁਦਾ ਕਲੀਨਿਕਲ ਸਥਾਪਨਾਵਾਂ ਦਾ ਨਿਰੀਖਣ ਅਤੇ ਪੁੱਛ-ਪੜਤਾਲ ਅਜਿਹੇ ਤਰੀਕੇ ਨਾਲ ਕਰਨਾ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ;

(v) ਡੰਨ ਵਸੂਲਣੇ;

(vi) ਕਲੀਨਿਕਲ ਸਥਾਪਨਾਵਾਂ ਦੇ ਰਾਜ ਰਜਿਸਟਰ ਨੂੰ ਸੰਕਲਨ ਕਰਨਾ ਅਤੇ ਸੰਭਾਲਣਾ;

(vii) ਇੱਕ ਸੌ ਜਾਂ ਇਸ ਤੋਂ ਜ਼ਿਆਦਾ ਬਿਸਤਰਿਆਂ ਵਾਲੇ ਕਲੀਨਿਕਲ ਸਥਾਪਨਾਵਾਂ ਨਾਲ ਸਬੰਧਤ ਸ਼ਿਕਾਇਤਾਂ ਜਾਂ ਫਰਿਆਦਾਂ ਲਈ ਸ਼ਿਕਾਇਤ ਨਿਵਾਰਨ ਸੈੱਲ ਅਜਿਹੇ ਤਰੀਕੇ ਨਾਲ ਸਥਾਪਤ ਕਰਨਾ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ;

(viii) ਇੱਕ ਸੌ ਜਾਂ ਇਸ ਤੋਂ ਜ਼ਿਆਦਾ ਬਿਸਤਰਿਆਂ ਵਾਲੇ ਕਲੀਨਿਕਲ ਸਥਾਪਨਾਵਾਂ ਦੇ ਰਜਿਸਟਰੀਕਰਨ ਨਾਲ ਸਬੰਧਤ ਕੋਈ ਹੋਰ ਕੰਮ;

(ix) ਅਜਿਹੇ ਹੋਰ ਕਾਰਜ, ਜਿਵੇਂ ਰਾਜ ਸਰਕਾਰ ਦੁਆਰਾ ਸਮੇਂ-ਸਮੇਂ ਤੇ ਨਿਰਧਾਰਤ ਕੀਤੇ ਗਏ ਹੋਣ।

ਜ਼ਿਲ੍ਹਾ ਰਜਿਸਟਰੀਕਰਨ ਅਥਾਰਟੀ।

9. (1) ਉਸ ਤਰੀਕ ਤੋਂ ਪ੍ਰਭਾਵੀ ਜਿਵੇਂ ਰਾਜ ਸਰਕਾਰ ਦੁਆਰਾ ਇਸ ਨਮਿੱਤ, ਅਧਿਸੂਚਨਾ ਦੁਆਰਾ, ਨਿਯਤ ਕੀਤਾ ਗਿਆ ਹੋਵੇ, ਇਸ ਐਕਟ ਦੇ ਪ੍ਰਯੋਜਨਾਂ ਲਈ, ਹਰੇਕ ਜ਼ਿਲ੍ਹੇ ਲਈ ਇੱਕ ਜ਼ਿਲ੍ਹਾ ਰਜਿਸਟਰੀਕਰਨ ਅਥਾਰਟੀ ਸਥਾਪਤ ਕੀਤੀ ਜਾਵੇਗੀ ਜਿਸ ਨੂੰ ਜ਼ਿਲ੍ਹਾ ਰਜਿਸਟਰੀਕਰਨ ਕਲੀਨਿਕਲ ਸਥਾਪਨਾਵਾਂ ਅਥਾਰਟੀ ਕਿਹਾ ਜਾ ਸਕੇਗਾ।

(2) ਹਰੇਕ ਜ਼ਿਲ੍ਹਾ ਰਜਿਸਟਰੀਕਰਨ ਅਥਾਰਟੀ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | |
|---|---|---|
| (i) | ਸਬੰਧਤ ਜ਼ਿਲ੍ਹਾ ਸਿਵਲ ਸਰਜਨ; | ਚੇਅਰਪਰਸਨ |
| (ii) | ਸਬੰਧਤ ਜ਼ਿਲ੍ਹੇ ਦਾ ਜ਼ਿਲ੍ਹਾ ਪਰਿਵਾਰ ਭਲਾਈ ਅਧਿਕਾਰੀ; | ਮੈਂਬਰ |

| | | |
|---|---|---|
| (iii) | ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਅਟਾਰਨੀ ਦਾ ਇੱਕ ਪ੍ਰਤੀਨਿਧ; | ਮੈਂਬਰ |
| (iv) | ਇਸ ਐਕਟ ਲਈ ਸਬੰਧਤ ਜ਼ਿਲ੍ਹੇ ਦੇ ਸਿਵਲ ਸਰਜਨ ਦੇ ਦਫ਼ਤਰ ਵਿੱਚ ਜ਼ਿਲ੍ਹਾ ਨੋਡਲ ਅਧਿਕਾਰੀ। | ਮੈਂਬਰ |

ਜ਼ਿਲ੍ਹਾ ਰਜਿਸਟਰੀਕਰਨ ਅਥਾਰਟੀ ਦੇ ਕਾਰਜ।

10. ਹਰੇਕ ਜ਼ਿਲ੍ਹਾ ਰਜਿਸਟਰੀਕਰਨ ਅਥਾਰਟੀ ਹੇਠ-ਲਿਖੇ ਕਾਰਜ ਨਿਭਾਏਗੀ, ਅਰਥਾਤ:-

(i) ਸਬੰਧਤ ਜ਼ਿਲ੍ਹੇ ਦੇ ਸਾਰੇ ਕਲੀਨਿਕਲ ਸਥਾਪਨਾਵਾਂ ਦਾ ਰਜਿਸਟਰੀਕਰਨ, ਸਿਵਾਏ ਇੱਕ ਸੌ ਜਾਂ ਇਸ ਤੋਂ ਵੱਧ ਬਿਸਤਰਿਆਂ ਵਾਲੇ ਕਲੀਨਿਕਲ ਸਥਾਪਨਾਵਾਂ ਦੇ;

(ii) ਅਜਿਹੇ ਤਰੀਕੇ ਨਾਲ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ, ਪ੍ਰਕਾਸ਼ਤ ਕਰਨਾ;

(ੳ) ਇਸ ਦੁਆਰਾ ਆਰਜ਼ੀ ਤੌਰ ਤੇ ਰਜਿਸਟਰਹੁੰਦਾ ਕਲੀਨਿਕਲ ਸਥਾਪਨਾਵਾਂ ਦੀ ਸੂਚੀ;

(ਅ) ਉਨਾਂ ਕਲੀਨਿਕਲ ਸਥਾਪਨਾਵਾਂ ਦੀ ਸੂਚੀ ਜਿਨ੍ਹਾਂ ਨੇ ਸਥਾਈ ਰਜਿਸਟਰੀਕਰਨ ਲਈ ਸਬੂਤ ਜਮ੍ਹਾਂ ਕਰਵਾਏ ਹਨ; ਅਤੇ

(ੲ) ਗੁਜ਼ਰ ਚੁੱਕੀਆਂ ਰਜਿਸਟਰੀਕਰਨਾਂ ਦੀ ਸੂਚੀ;

(iii) ਯੋਗ ਨੋਟਿਸ ਤੋਂ ਬਾਅਦ ਸਬੰਧਤ ਜ਼ਿਲ੍ਹੇ ਦੇ ਰਜਿਸਟਰ ਨਾ ਹੋਏ ਕਲੀਨਿਕਲ ਸਥਾਪਨਾਵਾਂ ਵਿੱਚ ਪ੍ਰਵੇਸ਼ ਅਤੇ ਤਲਾਸ਼ੀ ਕਰਨਾ ਸਿਵਾਏ ਇੱਕ ਸੌ ਜਾਂ ਇਸ ਤੋਂ ਵੱਧ ਬਿਸਤਰਿਆਂ ਵਾਲੇ ਕਲੀਨਿਕਲ ਸਥਾਪਨਾਵਾਂ ਦੇ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ;

(iv) ਇੱਕ ਬਹੁ-ਮੈਂਬਰੀ ਨਿਰੀਖਣ ਟੀਮ ਦੁਆਰਾ ਇਸ ਅਧੀਨ ਰਜਿਸਟਰਸ਼ੁਦਾ ਕਲੀਨਿਕਲ ਸਥਾਪਨਾਵਾਂ ਦਾ ਨਿਰੀਖਣ ਅਤੇ ਪੁੱਛ ਪੜਤਾਲ ਅਜਿਹੇ ਤਰੀਕੇ ਨਾਲ ਕਰਨਾ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ;

(v) ਡੰਨ ਵਸੂਲਣੇ;

(vi) ਸਬੰਧਤ ਜ਼ਿਲ੍ਹੇ ਦੇ ਕਲੀਨਿਕਲ ਸਥਾਪਨਾਵਾਂ ਦੇ ਜ਼ਿਲ੍ਹਾ ਰਜਿਸਟਰ ਨੂੰ ਸੰਕਲਤ ਕਰਨਾ ਅਤੇ ਸੰਭਾਲਣਾ;

(vii) ਸਬੰਧਤ ਜ਼ਿਲ੍ਹੇ ਵਿੱਚ ਕਲੀਨਿਕਲ ਸਥਾਪਨਾਵਾਂ ਨਾਲ ਸਬੰਧਤ ਸ਼ਿਕਾਇਤਾਂ ਅਤੇ ਫ਼ਰਿਆਦਾਂ ਲਈ ਸ਼ਿਕਾਇਤ ਨਿਵਾਰਣ ਸੈੱਲ ਅਜਿਹੇ ਤਰੀਕੇ ਨਾਲ ਸਥਾਪਤ ਕਰਨਾ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ;

(viii) ਇਸ ਦੁਆਰਾ ਰਜਿਸਟਰ ਕੀਤੀਆਂ ਜਾਣ ਵਾਲੀਆਂ ਕਲੀਨਿਕਲ ਸਥਾਪਨਾਵਾਂ ਦੇ ਰਜਿਸਟਰੀਕਰਨ ਨਾਲ ਸਬੰਧਤ ਕੋਈ ਹੋਰ ਕੰਮ; ਅਤੇ

(ix) ਅਜਿਹੇ ਹੋਰ ਕਾਰਜ, ਜੋ ਸਮੇਂ ਸਮੇਂ ਤੇ ਰਾਜ ਸਰਕਾਰ ਦੁਆਰਾ ਨਿਰਧਾਰਤ ਕੀਤੇ ਗਏ ਹੋਣ।

ਕਲੀਨਿਕਲ ਸਥਾਪਨਾਵਾਂ ਲਈ ਰਜਿਸਟਰੀਕਰਨ ਪ੍ਰਮਾਣ-ਪੱਤਰ।

11. ਕੋਈ ਵਿਅਕਤੀ ਸਬੰਧਤ ਰਜਿਸਟਰੀਕਰਨ ਅਥਾਰਟੀ ਦੁਆਰਾ ਉਸ ਬਾਬਤ ਉਚਿਤ ਤੌਰ ਤੇ ਰਜਿਸਟਰਹੁੰਦਾ ਹੋਏ ਬਿਨਾਂ ਅਤੇ ਉਸ ਦੇ ਜਾਰੀ ਕੀਤੇ ਨਿਬੰਧਨਾਂ ਦੇ ਅਧੀਨ ਅਤੇ ਅਨੁਸਰਣ ਤੋਂ ਸਿਵਾਏ, ਕਲੀਨਿਕਲ ਸਥਾਪਨਾ ਨਹੀਂ ਰੱਖੇਗਾ ਜਾਂ ਨਹੀਂ ਚਲਾਏਗਾ;

ਵਿਆਖਿਆ I.- ਇਸ ਧਾਰਾ ਦੇ ਪ੍ਰਯੋਜਨ ਲਈ "ਵਿਅਕਤੀ" ਵਿੱਚ ਕੋਈ ਬੌਡੀ, ਸਮੂਹ ਜਾਂ ਵਿਅਕਤੀਆਂ ਦੀ ਸਭਾ, ਸੰਗਠਨ, ਫਰਮ, ਟਰੱਸਟ ਜਾਂ ਸੋਸਾਇਟੀ (ਭਾਵੇਂ ਰਜਿਸਟਰਸ਼ੁਦਾ ਹੋਵੇ ਜਾਂ ਨ) ਜਾਂ ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਅਧੀਨ ਰਜਿਸਟਰਸ਼ੁਦਾ ਕੰਪਨੀ ਸ਼ਾਮਲ ਹੈ।

ਵਿਆਖਿਆ II.- ਇਸ ਧਾਰਾ ਦੇ ਪ੍ਰਯੋਜਨਾਂ ਲਈ "ਚਲਾਉਣ" ਦਾ ਮਤਲਬ ਹੈ ਕਲੀਨਿਕਲ ਸਥਾਪਨਾਵਾਂ ਵਿੱਚ ਸੇਵਾ ਪ੍ਰਾਪਤ ਕਰਤਾ ਨੂੰ ਕਿਸੇ ਵੀ ਕਿਸਮ ਦੀ ਸੇਵਾ ਜਿਸ ਵਿੱਚ ਮਸ਼ਵਰਾ, ਇਲਾਜ, ਰੋਗ-ਨਿਦਾਨ, ਜਾਂ ਨਰਸਿੰਗ ਦੇਖ-ਰੇਖ ਮੁਹੱਈਆ ਕਰਨਾ ਹੈ।

ਕਲੀਨਿਕਲ ਸਥਾਪਨਾਵਾਂ ਦਾ ਵਰਗੀਕਰਣ।

12. (1) ਕਲੀਨਿਕਲ ਸਥਾਪਨਾਵਾਂ ਦਾ ਅਜਿਹੀਆਂ ਸ਼੍ਰੇਣੀਆਂ ਵਿੱਚ ਵਰਗੀਕਰਨ ਕੀਤਾ ਜਾਵੇਗਾ, ਜਿਵੇਂ ਸਮੇਂ-ਸਮੇਂ ਤੇ ਮੁਕੱਰਰ ਕੀਤਾ ਗਿਆ ਹੋਵੇ।

(2) ਕਲੀਨਿਕਲ ਸਥਾਪਨਾਵਾਂ ਦੀਆਂ ਭਿੰਨ-ਭਿੰਨ ਸ਼੍ਰੇਣੀਆਂ ਲਈ ਵੱਖਰੇ ਮਿਆਰ ਮੁਕੱਰਰ ਕੀਤੇ ਜਾ ਸਕਦੇ ਹਨ।

ਰਜਿਸਟਰੀਕਰਨ ਦੇ ਆਰਜ਼ੀ ਪ੍ਰਮਾਣ ਪੱਤਰ ਲਈ ਬਿਨੈ ਪੱਤਰ।

13. (1) ਹਰੇਕ ਵਿਅਕਤੀ ਜੋ ਇੱਕ ਕਲੀਨਿਕਲ ਸਥਾਪਨਾ ਨੂੰ ਖੋਲ੍ਹਣ, ਰੱਖਣ ਜਾਂ ਚਲਾਉਣ ਲਈ ਚਿਤਵਤ ਹੈ, ਉਹ ਕਲੀਨਿਕਲ ਸਥਾਪਨਾ ਦੇ ਬਾਰੇ ਰਜਿਸਟਰੀਕਰਨ ਦੇ ਪ੍ਰਯੋਜਨਾਂ ਲਈ ਮੁਕੱਰਰ ਕੀਤੇ ਫ਼ਾਰਮ ਵਿੱਚ ਮੁਕੱਰਰ ਕੀਤੀ ਫ਼ੀਸ ਦੇ ਨਾਲ ਸਬੰਧਤ ਰਜਿਸਟਰੀਕਰਨ ਅਥਾਰਟੀ ਨੂੰ ਦਰਖ਼ਾਸਤ ਦੇਵੇਗਾ। ਸਬੰਧਤ ਰਜਿਸਟਰੀਕਰਨ ਅਥਾਰਟੀ ਦਰਖ਼ਾਸਤਾਂ ਦੇਣ ਅਤੇ ਇਨ੍ਹਾਂ ਦੇ ਰਜਿਸਟਰੀਕਰਨ ਲਈ ਉਪਬੰਧ ਬਣਾਏਗੀ।

(2) ਉਪ-ਧਾਰਾ (1) ਅਧੀਨ ਦਿੱਤੀ ਗਈ ਹਰੇਕ ਦਰਖ਼ਾਸਤ ਵਿੱਚ ਅਜਿਹੇ ਵੇਰਵੇ ਹੋਣਗੇ ਅਤੇ ਨਾਲ ਕਲੀਨਿਕਲ ਸਥਾਪਨਾ ਦੀਆਂ ਅਜਿਹੀਆਂ ਘੋਸ਼ਣਾਵਾਂ ਅਤੇ ਦਸਤਾਵੇਜ਼ ਅਤੇ ਇਸ ਦੁਆਰਾ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਅਤੇ ਹੁਨਰਾਂ ਦੇ ਮਿਆਰ ਦਿੱਤੇ ਜਾਣਗੇ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

(3) ਉਪ-ਧਾਰਾ (2) ਅਧੀਨ ਜ਼ਿਕਰ ਕੀਤੇ ਪਤੇ ਜਾਂ ਹੋਰ ਵੇਰਵਿਆਂ ਵਿੱਚ ਕੋਈ ਤਬਦੀਲੀ ਦਰਖ਼ਾਸਤਕਰਤਾ ਜਾਂ ਕਲੀਨਿਕਲ ਸਥਾਪਨਾ ਚਲਾਉਣ ਵਾਲਾ

ਵਿਅਕਤੀ ਵਿਸ਼ੇਸ਼ ਤੌਰ ਤੇ ਇੰਨ-ਬਿੰਨ ਤਰੀਕ ਦਾ ਜ਼ਿਕਰ ਕਰਦੇ ਹੋਏ ਜਦੋਂ ਅਜਿਹੀ ਤਬਦੀਲੀ ਹੋਈ ਸੀ, ਸਬੰਧਤ ਰਜਿਸਟਰੀਕਰਨ ਅਥਾਰਟੀ ਨੂੰ ਅਜਿਹੀ ਤਬਦੀਲੀ ਤੋਂ ਤੀਹ ਦਿਨਾਂ ਦੇ ਅੰਦਰ ਸੰਸੂਚਤ ਕਰੇਗਾ।

(4) ਉਪ-ਧਾਰਾ (1) ਅਧੀਨ ਕੋਈ ਵੀ ਦਰਖ਼ਾਸਤਕਾਰ ਗਲਤ ਬਿਆਨੀ, ਕਪਟਪੂਰਨ ਪ੍ਰਥਾਵਾਂ, ਝੂਠੇ ਦਸਤਾਵੇਜ਼ ਬਣਾ ਕੇ ਜਾਂ ਅਣਉਚਿਤ ਸਾਧਨਾਂ ਦੀ ਵਰਤੋਂ ਕਰਕੇ ਰਜਿਸਟਰੀਕਰਨ ਪ੍ਰਾਪਤ ਕਰਨ ਦੀ ਕੋਸ਼ਿਸ਼ ਨਹੀਂ ਕਰੇਗਾ।

ਆਰਜ਼ੀ ਪ੍ਰਮਾਣ ਪੱਤਰ।

14. ਸਬੰਧਤ ਰਜਿਸਟਰੀਕਰਨ ਅਥਾਰਟੀ, ਅਜਿਹੀ ਦਰਖ਼ਾਸਤ ਪ੍ਰਾਪਤ ਹੋਣ ਦੀ ਤਰੀਕ ਤੋਂ ਤੀਹ ਦਿਨਾਂ ਦੇ ਅੰਦਰ, ਦਰਖ਼ਾਸਤਕਰਤਾ ਨੂੰ ਅਜਿਹੇ ਰੂਪ ਵਿੱਚ ਆਰਜ਼ੀ ਰਜਿਸਟਰੀਕਰਨ ਦਾ ਪ੍ਰਮਾਣ-ਪੱਤਰ ਜਾਰੀ ਕਰੇਗੀ ਜਿਸ ਵਿੱਚ ਅਜਿਹੇ ਵੇਰਵੇ ਅਤੇ ਅਜਿਹੀ ਜਾਣਕਾਰੀ ਸ਼ਾਮਲ ਹੋਵੇਗੀ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

ਆਰਜ਼ੀ ਰਜਿਸਟਰੀਕਰਨ ਤੋਂ ਪਹਿਲਾਂ ਕੋਈ ਪੁੱਛ ਪੜਤਾਲ ਨਾ ਹੋਣਾ।

15. (1) ਸਬੰਧਤ ਰਜਿਸਟਰੀਕਰਨ ਅਥਾਰਟੀ ਆਰਜ਼ੀ ਰਜਿਸਟਰੇਸ਼ਨ ਜਾਰੀ ਕਰਨ ਤੋਂ ਪਹਿਲਾਂ ਕਿਸੇ ਜਾਂਚ ਦਾ ਸੰਚਾਲਣ ਨਹੀਂ ਕਰੇਗੀ।

(2) ਅਥਾਰਟੀ ਰਜਿਸਟਰੀਕਰਨ ਦਾ ਪ੍ਰਮਾਣ-ਪੱਤਰ ਜਾਰੀ ਹੋਣ ਦੇ ਹੁੰਦਿਆਂ ਹੋਇਆਂ ਵੀ, ਸਬੰਧਤ ਰਜਿਸਟਰੀਕਰਨ ਅਥਾਰਟੀ, ਆਰਜ਼ੀ ਰਜਿਸਟਰੀਕਰਨ ਜਾਰੀ ਹੋਣ ਤੋਂ ਮੁਕੱਰਰ ਮੁੱਦਤ ਦੇ ਅੰਦਰ, ਆਰਜ਼ੀ ਤੌਰ ਤੇ ਰਜਿਸਟਰਸ਼ੁਦਾ ਕਲੀਨਿਕਲ ਸਥਾਪਨਾ ਦੇ ਸਾਰੇ ਵੇਰਵਿਆਂ ਨੂੰ ਪ੍ਰਕਾਸ਼ਤ ਕਾਰਤ ਕਰਵਾਏਗੀ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

ਆਰਜ਼ੀ ਰਜਿਸਟਰੀਕਰਨ ਦੀ ਜਾਇਜ਼ਤਾ।

16. ਧਾਰਾ 18 ਦੇ ਉਪਬੰਧਾਂ ਦੇ ਤਾਬੇ, ਹਰੇਕ ਆਰਜ਼ੀ ਰਜਿਸਟਰੀਕਰਨ ਆਰਜ਼ੀ ਰਜਿਸਟਰੀਕਰਨ ਪ੍ਰਮਾਣ-ਪੱਤਰ ਜਾਰੀ ਹੋਣ ਦੀ ਤਰੀਕ ਤੋਂ ਛੇ ਮਹੀਨੇ ਦੀ ਮੁੱਦਤ ਲਈ ਜਾਇਜ਼ ਹੋਵੇਗਾ।

ਆਰਜ਼ੀ ਰਜਿਸਟਰੀਕਰਨ ਵਧਾਉਣਾ।

17. (1) ਕੇਵਲ ਨਾ-ਟਲਣਯੋਗ ਜਾਂ ਵਿਸ਼ੇਸ਼ ਹਾਲਾਤਾਂ ਵਿੱਚ, ਆਰਜ਼ੀ ਰਜਿਸਟਰੀਕਰਨ ਅਜਿਹੇ ਤਰੀਕੇ ਨਾਲ ਅਤੇ ਅਜਿਹੀ ਫ਼ੀਸ ਦੀ ਅਦਾਇਗੀ ਦੇ ਤਾਬੇ, ਅਜਿਹੀ ਮੁੱਦਤ ਲਈ ਵਧਾਈ ਜਾ ਸਕਦੀ ਹੈ, ਜਿਵੇਂ ਕਿ ਮੁਕੱਰਰ ਕੀਤਾ ਗਿਆ ਹੋਵੇ।

(2) ਆਰਜ਼ੀ ਰਜਿਸਟਰੀਕਰਨ ਵਧਾਉਣ ਲਈ ਦਰਖ਼ਾਸਤ ਆਰਜ਼ੀ ਰਜਿਸਟਰੀਕਰਨ ਦੇ ਪ੍ਰਮਾਣ-ਪੱਤਰ ਦੀ ਜਾਇਜ਼ਤਾ ਗੁਜ਼ਰਨ ਤੋਂ ਤੀਹ ਦਿਨ ਪਹਿਲਾਂ ਦਿੱਤੀ ਜਾਵੇਗੀ ਅਤੇ ਰਜਿਸਟਰੀਕਰਨ ਵਧਾਉਣ ਦੀ ਦਰਖ਼ਾਸਤ ਆਰਜ਼ੀ ਰਜਿਸਟਰੀਕਰਨ ਦੇ ਗੁਜ਼ਰਨ ਤੋਂ ਬਾਅਦ ਦਿੱਤੇ ਜਾਣ ਦੀ ਸੂਰਤ ਵਿੱਚ, ਸਬੰਧਤ ਰਜਿਸਟਰੀਕਰਨ ਅਥਾਰਟੀ ਅਜਿਹੀ ਵਧੀ ਹੋਈ ਫ਼ੀਸ ਦੀ ਅਦਾਇਗੀ ਤੇ, ਜਿਵੇਂ ਮੁਕੱਰਰ ਕੀਤੀ ਹੋਵੇ, ਰਜਿਸਟਰੀਕਰਨ ਦੇ ਵਿਸਤਾਰ ਦੀ ਇਜਾਜ਼ਤ ਦੇਵੇਗੀ।

ਆਰਜ਼ੀ ਰਜਿਸਟਰੀਕਰਨ ਲਈ ਸਮਾਂ-ਸੀਮਾ।

18. ਜਿੱਥੇ ਕਲੀਨਿਕਲ ਸਥਾਪਨਾਵਾਂ ਦੀਆਂ ਸ਼੍ਰੇਣੀਆਂ, ਜਿਨ੍ਹਾਂ ਦੇ ਬਾਰੇ ਵਿੱਚ ਰਾਜ ਸਰਕਾਰ ਦੁਆਰਾ ਮਿਆਰਾਂ ਨੂੰ ਅਧਿਸੂਚਿਤ ਕੀਤਾ ਗਿਆ ਹੈ, ਦਾ ਆਰਜ਼ੀ ਰਜਿਸਟਰੀਕਰਨ ਹੇਠ-ਲਿਖੀਆਂ ਮੁੱਦਤਾਂ ਤੋਂ ਵੱਧ ਜਾਰੀ ਨਹੀਂ ਕੀਤਾ ਜਾਵੇਗਾ ਜਾਂ ਵਧਾਇਆ ਨਹੀਂ ਜਾਵੇਗਾ:-

(i) ਇਸ ਐਕਟ ਦੇ ਅਰੰਭ ਹੋਣ ਤੋਂ ਪਹਿਲਾਂ ਹੋਂਦ ਵਿੱਚ ਆਏ ਕਲੀਨਿਕਲ ਸਥਾਪਨਾਵਾਂ ਦੇ ਮਾਮਲੇ ਵਿੱਚ ਮਿਆਰਾਂ ਦੀ ਅਧਿਸੂਚਨਾ ਦੀ ਤਰੀਕ ਤੋਂ ਦੋ ਸਾਲਾਂ ਦੀ ਮੁੱਦਤ ਤੋਂ ਨ ਵੱਧ;

(ii) ਇਸ ਐਕਟ ਦੇ ਅਰੰਭ ਹੋਣ ਤੋਂ ਬਾਅਦ ਪਰੰਤੂ ਮਿਆਰਾਂ ਦੀ ਅਧਿਸੂਚਨਾ ਤੋਂ ਪਹਿਲਾਂ ਹੋਂਦ ਵਿੱਚ ਆਏ ਕਲੀਨਿਕਲ ਸਥਾਪਨਾਵਾਂ ਲਈ ਮਿਆਰਾਂ ਦੀ ਅਧਿਸੂਚਨਾ ਦੀ ਤਰੀਕ ਤੋਂ ਦੋ ਸਾਲਾਂ ਦੀ ਮੁੱਦਤ ਤੋਂ ਨ ਵੱਧ; ਅਤੇ

(iii) ਮਿਆਰਾਂ ਨੂੰ ਅਧਿਸੂਚਤ ਕੀਤੇ ਜਾਣ ਤੋਂ ਬਾਅਦ ਹੋਂਦ ਵਿੱਚ ਆਏ ਕਲੀਨਿਕਲ ਸਥਾਪਨਾਵਾਂ ਲਈ ਮਿਆਰਾਂ ਦੀ ਅਧਿਸੂਚਨਾ ਦੀ ਤਰੀਕ ਤੋਂ ਛੇ ਮਹੀਨੇ ਦੀ ਮੁੱਦਤ ਤੋਂ ਨ ਵੱਧ।

ਸਥਾਈ ਰਜਿਸਟਰੀਕਰਨ ਲਈ ਦਰਖ਼ਾਸਤ।

19. ਕਲੀਨਿਕਲ ਸਥਾਪਨਾਵਾਂ ਦੁਆਰਾ ਸਥਾਈ ਰਜਿਸਟਰੀਕਰਨ ਲਈ ਦਰਖ਼ਾਸਤ ਸਬੰਧਤ ਰਜਿਸਟਰੀਕਰਨ ਅਥਾਰਟੀ ਨੂੰ ਅਜਿਹੇ ਰੂਪ ਵਿੱਚ ਅਤੇ ਅਜਿਹੀ ਫ਼ੀਸ ਦੇ ਨਾਲ ਦਿੱਤੀ ਜਾਵੇਗੀ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

ਦਰਖ਼ਾਸਤ ਦਾ ਤਸਦੀਕੀਕਰਨ।

20. ਕਲੀਨਿਕਲ ਸਥਾਪਨਾ ਮੁਕੱਰਰ ਕੀਤੇ ਘੱਟੋ-ਘੱਟ ਮਿਆਰਾਂ ਦੀ ਪਾਲਣਾ ਕਰਨ ਦਾ ਸਬੂਤ ਅਜਿਹੇ ਤਰੀਕੇ ਨਾਲ ਜਮ੍ਹਾਂ ਕਰਵਾਏਗੀ ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

ਸਥਾਈ ਰਜਿਸਟਰੀਕਰਨ ਲਈ ਸ਼ਰਤਾਂ।

21. (1) ਇੱਕ ਕਲੀਨਿਕਲ ਸਥਾਪਨਾ ਦੇ ਬਾਰੇ ਕੋਈ ਸਥਾਈ ਰਜਿਸਟਰੀਕਰਨ ਜਾਰੀ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਇਸ ਵੱਲੋਂ,-

(ੳ) ਵਾਸ ਸਹੂਲਤ ਦੇ ਅਜਿਹੇ ਘੱਟੋ-ਘੱਟ ਮਿਆਰ ਉਪਬੰਧਤ ਨਹੀਂ ਕੀਤੇ ਜਾਂਦੇ, ਜਿਵੇਂ ਮੁਕੱਰਰ ਕੀਤੇ ਗਏ ਹੋਣ;

(ਅ) ਅਜਿਹੀ ਘੱਟੋ-ਘੱਟ ਗਿਣਤੀ ਵਿੱਚ ਅਜਿਹੀ ਯੋਗਤਾ(ਵਾਂ) ਵਾਲੇ ਸੇਵਾ ਪ੍ਰਦਾਤਾਵਾਂ ਅਤੇ ਹੋਰ ਸ੍ਰੇਣੀਆਂ ਦੇ ਕਰਮਚਾਰੀਆਂ ਨੂੰ ਕੰਮ ਤੇ ਨਹੀਂ ਰੱਖਿਆ ਹੈ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ;

(ੲ) ਅਜਿਹੀਆਂ ਘੱਟੋ-ਘੱਟ ਸਹੂਲਤਾਂ ਅਤੇ ਸੇਵਾਵਾਂ ਦੇ ਮਿਆਰ ਜਿਸ ਵਿੱਚ ਸੰਕਟ ਸੰਭਾਲ ਅਤੇ ਰੈਫਰਲ ਸੇਵਾਵਾਂ ਸ਼ਾਮਲ ਹਨ, ਲਈ ਵਿਵਸਥਾਵਾਂ ਨਹੀਂ ਕੀਤੀਆਂ ਹਨ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ;

(ਸ) ਅਜਿਹਾ ਸਾਜ-ਸਮਾਨ ਅਤੇ ਮਸ਼ੀਨਰੀਆਂ ਨਹੀਂ ਲਗਾਈਆਂ ਗਈਆਂ ਹਨ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ;

(ਹ) ਭਾਰਤ ਸਰਕਾਰ, ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਦੁਆਰਾ ਬਣਾਏ ਗਏ ਬਾਇਓ-ਮੈਡੀਕਲ ਰਹਿੰਦ-ਖੂੰਹਦ ਪ੍ਰਬੰਧਨ ਨਿਯਮ, 2016

ਅਧੀਨ ਮੁਕੱਰਰ ਕੀਤੇ ਅਨੁਸਾਰ ਬਾਇਓ-ਮੈਡੀਕਲ ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਅਜਿਹੀਆਂ ਵਿਵਸਥਾਵਾਂ ਨਹੀਂ ਕੀਤੀਆਂ ਹਨ;

(ਕ) ਅਜਿਹੇ ਰਜਿਸਟਰਾਂ ਅਤੇ ਰਿਕਾਰਡਾਂ ਦੀ ਸੰਭਾਲ ਲਈ ਅਜਿਹੇ ਰੂਪ ਵਿੱਚ ਅਤੇ ਅਜਿਹੇ ਵੇਰਵੇ ਸ਼ਾਮਲ ਕਰਦੇ ਹੋਏ ਉਪਬੰਧ ਨਹੀਂ ਬਣਾਏ ਹਨ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ; ਅਤੇ

(ਖ) ਅਜਿਹੀਆਂ ਹੋਰ ਸ਼ਰਤਾਂ ਦੀ ਪੂਰਤੀ ਨਹੀਂ ਕੀਤੀ ਹੈ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

(2) ਉਪ-ਧਾਰਾ (1) ਅਧੀਨ ਜਾਰੀ ਕੀਤਾ ਗਿਆ ਹਰੇਕ ਰਜਿਸਟਰੀਕਰਨ ਹੇਠ-ਲਿਖੇ ਨਿਬੰਧਨ ਅਤੇ ਸ਼ਰਤਾਂ ਦੇ ਤਾਬੇ ਹੋਵੇਗਾ, ਅਰਥਾਤ:-

(ੳ) ਉਪ-ਧਾਰਾ (1) ਵਿੱਚ ਨਿਯਤ ਕੀਤੀਆਂ ਸ਼ਰਤਾਂ ਦੀ ਲਗਾਤਾਰ ਪਾਲਣਾ ਕੀਤੀ ਜਾਂਦੀ ਹੈ;

(ਅ) ਜ਼ਰੂਰੀ ਇਹਤਿਆਤਾਂ ਦੀ ਪਾਲਣਾ ਕੀਤੀ ਜਾਂਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਲੀਨਿਕਲ ਸਥਾਪਨਾ ਕਿਸੇ ਗੈਰ-ਸਮਾਜਿਕ ਜਾਂ ਅਣਸਦਾਚਾਰਕ ਪ੍ਰਯੋਜਨ ਲਈ ਨ ਵਰਤੀ ਜਾ ਰਹੀ ਹੋਵੇ;

(ੲ) ਕਲੀਨਿਕਲ ਸਥਾਪਨਾ ਕਿਸੇ ਅਨੈਤਿਕ ਪ੍ਰਥਾ ਦਾ ਸਹਾਰਾ ਨਹੀਂ ਲੈਂਦੀ ਹੈ;

(ਸ) ਕਲੀਨਿਕਲ ਸਥਾਪਨਾ ਨੂੰ ਅਜਿਹੀ ਤਸੱਲੀਬਖ਼ਸ, ਸਫ਼ਾਈ ਅਤੇ ਸਿਹਤਬਖ਼ਸ ਹਾਲਤ ਵਿੱਚ ਰੱਖਣ ਲਈ ਸਾਰੇ ਅਜਿਹੇ ਉਪਾਅ ਕੀਤੇ ਜਾਂਦੇ ਹਨ, ਜਿਵੇਂ ਮੁਕੱਰਰ ਕੀਤੇ ਗਏ ਹੋਣ;

(ਹ) ਅਜਿਹੀ ਸਾਰੀ ਜਾਣਕਾਰੀ ਅਜਿਹੇ ਤਰੀਕੇ ਨਾਲ ਪ੍ਰਦਰਸ਼ਿਤ ਕੀਤੀ ਜਾਂਦੀ ਹੈ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ;

(ਕ) ਅਜਿਹੀਆਂ ਸਾਰੀਆਂ ਰਿਪੋਰਟਾਂ ਅਜਿਹੇ ਰੂਪ ਵਿੱਚ ਅਜਿਹੇ ਵੇਰਵੇ ਸ਼ਾਮਲ ਕਰਦੇ ਹੋਏ ਅਤੇ ਅਜਿਹੇ ਜ਼ਰੂਰੀ ਦਸਤਾਵੇਜ਼ ਅਜਿਹੀਆਂ ਅਥਾਰਟੀਆਂ ਨੂੰ ਅਜਿਹੇ ਵਕਫ਼ਿਆਂ ਜਾਂ ਮੰਗ 'ਤੇ ਦਿੱਤੇ ਜਾਂਦੇ ਹਨ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ;

(ਖ) ਅਜਿਹੀਆਂ ਮੈਡੀਕਲ ਅਤੇ ਹੋਰ ਰਿਪੋਰਟਾਂ, ਰਿਕਾਰਡ ਅਤੇ ਦਸਤਾਵੇਜ਼ ਰਜਿਸਟਰੀਕਰਨ ਅਥਾਰਟੀ ਜਾਂ ਸੇਵਾ ਪ੍ਰਾਪਤਕਰਤਾ ਜਾਂ ਉਸ ਦੇ ਪ੍ਰਤੀਨਿਧ ਨੂੰ ਮੰਗ 'ਤੇ ਉਪਲੱਬਧ ਕਰਵਾਏ ਜਾਂਦੇ ਹਨ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ;

(ਗ) ਕੋਈ ਵਿਅਕਤੀ ਜੋ ਕਲੀਨਿਕਲ ਸਥਾਪਨਾ ਵਿੱਚ ਲਿਆ ਹੋਵੇ ਜਾਂ ਵਾਸ ਕਰਦਾ ਹੋਵੇ ਜਾਂ ਦੋਵੇਂ, ਕਿਸੇ ਵੀ ਅਜਿਹੀ ਛੂਤ ਵਾਲੀ ਜਾਂ ਖਤਰਨਾਕ ਬਿਮਾਰੀ ਜਾਂ ਹੋਰ ਹਾਲਤ ਤੋਂ ਪੀੜਿਤ ਪਾਇਆ ਗਿਆ ਹੋਵੇ, ਜਿਵੇਂ ਰਾਜ ਸਰਕਾਰ ਦੁਆਰਾ ਅਧਿਸੂਚਤ ਕੀਤੀ ਗਈ ਹੋਵੇ, ਖ਼ਾਸ ਕਰਕੇ ਉਹ ਜੋ ਮਹਾਂਮਾਰੀ ਰੋਗ ਐਕਟ, 1897 ਅਧੀਨ ਆਉਂਦੀ ਹੋਵੇ, ਇਸ ਦੀ ਰਿਪੋਰਟ ਤੁਰੰਤ ਸਬੰਧਤ ਅਥਾਰਟੀ ਨੂੰ ਦਿੱਤੀ ਜਾਂਦੀ ਹੈ;

(ਘ) ਹਰੇਕ ਕਲੀਨਿਕਲ ਸਥਾਪਨਾ, ਇਲਾਜ, ਅਣਉਚਿਤ ਬਿਲ, ਸੇਵਾ ਵਿੱਚ ਕਮੀ, ਹਾਜ਼ਰ ਸਟਾਫ਼ ਦੇ ਵਿਵਹਾਰ ਆਦਿ ਸਬੰਧੀ ਕਿਸੇ ਵੀ ਸ਼ਿਕਾਇਤ ਨੂੰ ਦਰਜ ਕਰਨ ਅਤੇ ਉਸ ਦਾ ਸਮੇਂ ਸਿਰ ਸੁਨਿਸ਼ਚਿਤ ਨਿਵਾਰਣ ਲਈ ਇੱਕ ਜਨਤਕ ਸ਼ਿਕਾਇਤ ਨਿਵਾਰਣ ਵਿਧੀ ਚਲਾਉਂਦੀ ਹੈ;

(ਙ) ਹਰੇਕ ਕਲੀਨਿਕਲ ਸਥਾਪਨਾ ਸੇਵਾ ਪ੍ਰਾਪਤਕਰਤਾਵਾਂ ਜਾਂ ਉਹਨਾਂ ਦੇ ਪ੍ਰਤੀਨਿਧੀਆਂ ਨਾਲ ਇਲਾਜ ਪ੍ਰਾਪਤ ਕਰਤਾ ਦੀ ਸਥਿਤੀ, ਨਿਯਮਿਤ ਬਿਲਿੰਗ ਆਦਿ ਅਤੇ ਉਹਨਾਂ ਦੀ ਉਚਿਤ ਸਲਾਹ ਸਬੰਧੀ ਨਿਯਮਿਤ ਅਤੇ ਉਚਿਤ ਸੰਸੂਚਨਾ ਬਣਾਈ ਰੱਖਣ ਲਈ ਇੱਕ ਸਹਾਇਤਾ ਡੈਸਕ ਸਥਾਪਤ ਕਰਦੀ ਹੈ;

(ਚ) ਇਸ ਐਕਟ ਦੇ ਨਾਫ਼ਜ਼ ਹੋਣ ਤੋਂ ਤੁਰੰਤ ਬਾਅਦ ਹਰੇਕ ਕਲੀਨਿਕਲ ਸਥਾਪਨਾ ਵਿਸਤ੍ਰਿਤ ਮੈਡੀਕਲ ਰਿਕਾਰਡ ਰੱਖਦੀ ਹੈ ਅਤੇ ਸੇਵਾ ਪ੍ਰਾਪਤਕਰਤਾ ਦੇ ਛੁੱਟੀ ਦੇ ਸਮੇਂ ਛੁੱਟੀ ਦੇ ਸੰਖੇਪ ਦੇ ਨਾਲ ਸਾਰੇ ਮੈਡੀਕਲ ਰਿਕਾਰਡਾਂ ਅਤੇ ਇਲਾਜ ਦੇ ਵਰੇਵਿਆਂ ਦਾ ਇੱਕ ਸੈੱਟ ਮੁਹੱਈਆ ਕਰਵਾਉਂਦੀ ਹੈ;

(ਛ) ਇੱਕ ਸੌ ਜਾਂ ਇਸ ਤੋਂ ਵੱਧ ਬਿਸਤਰਿਆਂ ਲਈ ਹਰੇਕ ਕਲੀਨਿਕਲ ਸਥਾਪਨਾ ਇੱਕ ਉਚਿਤ ਕੀਮਤ ਵਾਲੀ ਦਵਾਈ ਦੀ ਦੁਕਾਨ ਅਤੇ ਉਚਿਤ ਕੀਮਤ ਵਾਲਾ ਰੋਗ-ਨਿਦਾਨ ਜਾਂਚ ਕੇਂਦਰ ਸਥਾਪਤ ਕਰਨ ਦਾ ਯਤਨ ਕਰਦੀ ਹੈ;

(ਜ) ਕਿਸੇ ਵੀ ਵਿਅਕਤੀ ਨੂੰ ਕੌਮੀਅਤ, ਲਿੰਗ/ਲਿੰਗ-ਭੇਦ, ਸਰੀਰਕ ਜਾਂ ਮਾਨਸਿਕ ਅਪੰਗਤਾ, ਕਿੱਤੇ, ਧਰਮ, ਸੰਪਰਦਾ, ਭਾਸ਼ਾ, ਜਾਤ, ਰਾਜਨੀਤਿਕ ਜਾਂ ਹੋਰ ਰਾਏ ਜਾਂ ਮਾਨਤਾ, ਅਸਲ ਜਾਂ ਬੋਧ ਹੋਈ ਸਿਹਤ ਪਰਿਸਥਿਤੀ ਅਤੇ ਬਿਮਾਰੀ ਦੀ ਹਾਲਤ ਜਿਵੇਂ ਕਿ ਹਿਊਮਨ ਇਮਯੂਨੋਡੈਫ਼ੀਸੈਂਸੀ ਵਾਇਰਸ (ਐਚ.ਆਈ.ਵੀ.) ਇਨਫੈਕਸਨ ਜਾਂ ਐਕਵਾਇਰਡ ਇਮਯੂਨੋਡੈਫ਼ੀਸੈਂਸੀ ਸਿੰਡਰੋਮ (ਏਡਜ਼) ਜਾਂ ਅਜਿਹੀਆਂ ਹੋਰ ਬਿਮਾਰੀਆਂ ਜਿਵੇਂ ਕੋਵਿਡ-19 ਅਤੇ ਹੋਰ

ਉੱਭਰ ਰਹੀਆਂ ਅਤੇ ਜਿਵੇਂ ਅਜੇ ਤੱਕ ਅਣਜਾਣ ਛੂਤ ਦੀਆਂ ਬਿਮਾਰੀਆਂ ਜਿਵੇਂ ਮੁਕੱਰਰ ਕੀਤਾ ਗਿਆ ਹੋਵੇ ਜਾਂ ਅਜਿਹੇ ਹੋਰ ਮਨਮਾਨੇ ਆਧਾਰਾਂ 'ਤੇ ਕਲੀਨਿਕਲ ਸਥਾਪਨਾ ਵੱਲੋਂ ਸਹੂਲਤਾਂ, ਸਾਮਾਨ, ਦੇਖਭਾਲ ਅਤੇ ਸੇਵਾਵਾਂ ਜਿਸ ਵਿੱਚ ਦਾਖਲਾ ਵੀ ਸ਼ਾਮਲ ਹੈ, ਤੱਕ ਪਹੁੰਚ ਕਰਨ ਵਿੱਚ ਕਿਸੇ ਵੀ ਰੂਪ ਜਾਂ ਤਰੀਕੇ ਨਾਲ ਕਿਸੇ ਵੀ ਤਰ੍ਹਾਂ ਦੇ ਵਿਤਕਰੇ ਦੇ ਤਾਬੇ ਨਹੀਂ ਕੀਤਾ ਜਾਂਦਾ ਹੈ;

(ਝ) ਕਲੀਨਿਕਲ ਸਥਾਪਨਾ ਰਾਸ਼ਟਰੀ ਅਤੇ ਰਾਜ ਸਿਹਤ ਪ੍ਰੋਗਰਾਮਾਂ ਦੇ ਪਰਿਪਾਲਣ ਕਰਨ ਵਿੱਚ, ਜਿਸ ਵਿੱਚ ਸੰਚਾਰੀ ਬਿਮਾਰੀਆਂ ਦੇ ਫੈਲਾਉ ਦੀ ਰੋਕਥਾਮ ਵੀ ਸ਼ਾਮਲ ਹੈ, ਅਜਿਹੇ ਤਰੀਕੇ ਨਾਲ ਜਿਵੇਂ ਕਿ ਰਾਜ ਸਰਕਾਰ ਸਮੇਂ ਸਮੇਂ ਤੇ ਉਲਿਖਤ ਕਰੇ, ਸਰਗਰਮੀ ਨਾਲ ਹਿੱਸਾ ਲੈਂਦੀ ਹੈ ਅਤੇ ਸਬੰਧਤ ਅਥਾਰਟੀਆਂ ਨੂੰ ਮੁਕੱਰਰ ਕੀਤੇ ਫਾਰਮੈਟ ਅਨੁਸਾਰ ਮੁੱਦਤੀ ਰਿਪੋਰਟਾਂ ਦਿੰਦੀ ਹੈ;

(ਞ) ਕਲੀਨਿਕਲ ਸਥਾਪਨਾ ਹਰ ਸਮੇਂ, ਸਾਰੇ ਲਾਗੂ ਕਾਨੂੰਨਾਂ, ਜਿਸ ਵਿੱਚ ਕੋਈ ਨਿਯਮ, ਵਿਨਿਯਮ, ਹਦਾਇਤਾਂ, ਸੋਧਾਂ, ਅਧਿਸੂਚਨਾਵਾਂ, ਸਰਕੂਲਰ ਅਤੇ ਉਪ-ਕਾਨੂੰਨ ਸ਼ਾਮਲ ਹਨ, ਦੀ ਪਾਲਣਾ ਯਕੀਨੀ ਬਣਾਉਂਦੀ ਹੈ;

(ਟ) ਕਲੀਨਿਕਲ ਸਥਾਪਨਾ ਸੜਕ ਹਾਦਸਿਆਂ, ਰੇਲ ਹਾਦਸਿਆਂ, ਹਵਾਈ ਹਾਦਸਿਆਂ, ਧਮਾਕਿਆਂ, ਕੁਦਰਤੀ ਬਿਪਤਾ ਅਤੇ ਆਫ਼ਤਾਂ ਤੋਂ ਸਾਰੇ ਪੀੜਤਾਂ ਨੂੰ ਜੋ ਕਲੀਨਿਕਲ ਸਥਾਪਨਾ ਵਿੱਚ ਆਉਂਦੇ ਹਨ ਜਾਂ ਲਿਆਂਦੇ ਜਾਂਦੇ ਹਨ, ਮੁੱਢਲੀ ਸਹਾਇਤਾ ਪ੍ਰਦਾਨ ਕਰਨ ਲਈ ਕਲੀਨਿਕਲ ਸਥਾਪਨਾ ਉਪਲੱਬਧ ਸਟਾਫ਼ ਅਤੇ ਸੁਵਿਧਾਵਾਂ ਦੇ ਅੰਦਰ ਹੀ ਇਲਾਜ ਮੁਹੱਈਆ ਕਰਵਾਉਂਦੀ ਹੈ। ਅਜਿਹੇ ਮਰੀਜਾਂ ਨੂੰ ਮੁੱਢਲੀ ਸਹਾਇਤਾ ਪ੍ਰਦਾਨ ਕਰਨ ਅਤੇ ਸਥਿਰ ਕਰਨ ਲਈ ਹਰ ਸੰਭਵ ਯਤਨ ਕਰਨ ਤੋਂ ਬਾਅਦ, ਕਲੀਨਿਕਲ ਸਥਾਪਨਾ ਕੋਲ ਉਨ੍ਹਾਂ ਨੂੰ ਕਿਸੇ ਮੁਨਾਸਬ ਸਰਕਾਰੀ ਹਸਪਤਾਲ ਜਾਂ ਮੈਡੀਕਲ ਕਾਲਜ ਭੇਜਣ ਦੀ ਖੁੱਲ੍ਹ ਹੋਵੇਗੀ; ਅਤੇ

(ਠ) ਅਜਿਹੇ ਹੋਰ ਨਿਬੰਧਨ ਅਤੇ ਸ਼ਰਤਾਂ, ਜਿਵੇਂ ਮੁਕੱਰਰ ਕੀਤੀਆਂ ਗਈਆਂ ਹੋਣ।

ਸਥਾਈ ਰਜਿਸਟਰੀਕਰਨ ਲਈ ਮਿਆਰ।

22. ਸਥਾਈ ਰਜਿਸਟਰੀਕਰਨ ਕੇਵਲ ਉਦੋਂ ਹੀ ਦਿੱਤੀ ਜਾਵੇਗੀ ਜਦੋਂ ਕੋਈ ਕਲੀਨਿਕਲ ਸਥਾਪਨਾ ਰਾਜ ਸਰਕਾਰ ਦੁਆਰਾ ਰਜਿਸਟਰੀਕਰਨ ਲਈ ਮੁਕੱਰਰ ਕੀਤੇ ਮਿਆਰਾਂ ਨੂੰ ਪੂਰਾ ਕਰਦੀ ਹੈ।

23. ਸਬੰਧਤ ਰਜਿਸਟਰੀਕਰਨ ਅਥਾਰਟੀ ਮੁਕੱਰਰ ਮੁੱਦਤ ਦੇ ਗੁਜ਼ਰਨ ਤੋਂ ਤੁਰੰਤ ਬਾਅਦ ਅਤੇ ਉਸ ਤੋਂ ਬਾਅਦ ਅਗਲੇ ਤੀਹ ਦਿਨਾਂ ਦੇ ਅੰਦਰ ਦੋਹਾਂ ਵਿੱਚੋਂ ਇੱਕ ਹੁਕਮ ਪਾਸ ਕਰੇਗੀ:– ਰਜਿਸਟਰੀਕਰਨ ਮਨਜ਼ੂਰ ਜਾਂ ਨਾ-ਮਨਜ਼ੂਰ ਕਰਨਾ।

(ੳ) ਸਥਾਈ ਰਜਿਸਟਰੀਕਰਨ ਲਈ ਦਰਖ਼ਾਸਤ ਨੂੰ ਮਨਜ਼ੂਰ ਕਰਨਾ; ਜਾਂ

(ਅ) ਦਰਖ਼ਾਸਤ ਨੂੰ ਨਾ-ਮਨਜ਼ੂਰ ਕਰਨਾ;

ਪਰੰਤੂ ਸਬੰਧਤ ਰਜਿਸਟਰੀਕਰਨ ਅਥਾਰਟੀ ਆਪਣੇ ਕਾਰਨ ਕਲਮਬੰਦ ਕਰੇਗੀ, ਜੇ ਇਹ ਸਥਾਈ ਰਜਿਸਟਰੀਕਰਨ ਲਈ ਦਰਖ਼ਾਸਤ ਨੂੰ ਨਾ-ਮਨਜ਼ੂਰ ਕਰਦੀ ਹੈ।

24. (1) ਸਬੰਧਤ ਰਜਿਸਟਰੀਕਰਨ ਅਥਾਰਟੀ, ਜੇ ਇਹ ਕਲੀਨਿਕਲ ਸਥਾਪਨਾ ਦੀ ਦਰਖ਼ਾਸਤ ਮਨਜ਼ੂਰ ਕਰਦੀ ਹੈ, ਤਾਂ ਸਥਾਈ ਰਜਿਸਟਰੀਕਰਨ ਦਾ ਪ੍ਰਮਾਣ-ਪੱਤਰ ਅਜਿਹੇ ਰੂਪ ਵਿੱਚ ਅਤੇ ਅਜਿਹੇ ਵੇਰਵੇ ਸ਼ਾਮਲ ਕਰਦੇ ਹੋਏ ਜਾਰੀ ਕਰੇਗੀ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ। ਸਥਾਈ ਰਜਿਸਟਰੀਕਰਨ ਦਾ ਪ੍ਰਮਾਣ-ਪੱਤਰ ਅਤੇ ਇਸ ਦਾ ਨਵਿਆਉਣ।

(2) ਪ੍ਰਮਾਣ-ਪੱਤਰ ਜਾਰੀ ਹੋਣ ਦੀ ਤਰੀਕ ਤੋਂ ਪੰਜ ਸਾਲਾਂ ਦੀ ਮੁੱਦਤ ਲਈ ਜਾਇਜ਼ ਹੋਵੇਗਾ।

(3) ਸਥਾਈ ਰਜਿਸਟਰੀਕਰਨ ਦੇ ਨਵਿਆਉਣ ਲਈ ਦਰਖ਼ਾਸਤ ਸਥਾਈ ਰਜਿਸਟਰੀਕਰਨ ਦੇ ਪ੍ਰਮਾਣ-ਪੱਤਰ ਦੀ ਜਾਇਜ਼ਤਾ ਗੁਜ਼ਰਨ ਤੋਂ ਪਹਿਲਾਂ ਤਿੰਨ ਮਹੀਨੇ ਦੇ ਅੰਦਰ ਅਜਿਹੇ ਰੂਪ ਵਿੱਚ ਅਤੇ ਅਜਿਹੀ ਫ਼ੀਸ ਦੇ ਨਾਲ ਦਿੱਤੀ ਜਾਵੇਗੀ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

(4) ਉਪ-ਧਾਰਾ (3) ਵਿੱਚ ਹਵਾਲਾ ਦਿੱਤੀ ਨਵਿਆਉਣ ਦੀ ਦਰਖ਼ਾਸਤ ਅਨੁਬੰਧਤ ਸਮੇਂ ਦੇ ਅੰਦਰ ਨਹੀਂ ਦਿੱਤੇ ਜਾਣ ਦੀ ਸੂਰਤ ਵਿੱਚ ਸਬੰਧਤ ਰਜਿਸਟਰੀਕਰਨ ਅਥਾਰਟੀ ਅਜਿਹੀ ਵਧੀ ਹੋਈ ਫ਼ੀਸ ਅਤੇ ਡੰਨਾਂ ਦੀ ਅਦਾਇਗੀ ਤੇ ਸਥਾਈ ਰਜਿਸਟਰੀਕਰਨ ਦਾ ਨਵਿਆਉਣ ਮਨਜ਼ੂਰ ਕਰ ਸਕਦੀ ਹੈ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

25. ਆਰਜ਼ੀ ਜਾਂ ਸਥਾਈ ਰਜਿਸਟਰੀਕਰਨ ਦਾ ਪ੍ਰਮਾਣ-ਪੱਤਰ ਕਲੀਨਿਕਲ ਸਥਾਪਨਾ ਵਿੱਚ ਇੱਕ ਨੁਮਾਇਆ ਥਾਂ ਤੇ ਅਜਿਹੇ ਤਰੀਕੇ ਨਾਲ ਲਗਾਇਆ ਜਾਵੇਗਾ ਤਾਂ ਜੋ ਅਜਿਹੀ ਸਥਾਪਨਾ ਦਾ ਦੌਰਾ ਕਰਨ ਵਾਲੇ ਹਰ ਕਿਸੇ ਨੂੰ ਦ੍ਰਿਸ਼ਟਮਾਨ ਹੋਵੇ। ਰਜਿਸਟਰੀਕਰਨ ਦੇ ਪ੍ਰਮਾਣ-ਪੱਤਰ ਦਾ ਪ੍ਰਦਰਸ਼ਨ।

26. ਆਰਜ਼ੀ ਜਾਂ ਸਥਾਈ ਰਜਿਸਟਰੀਕਰਨ ਦਾ ਪ੍ਰਮਾਣ-ਪੱਤਰ ਗੁਆਚਣ, ਨੁਕਸਾਨੇ, ਕੱਢ-ਵੱਢ ਜਾਂ ਖਰਾਬ ਹੋ ਜਾਣ ਦੀ ਸੂਰਤ ਵਿੱਚ ਸਬੰਧਤ ਰਜਿਸਟਰੀਕਰਨ ਅਥਾਰਟੀ ਕਲੀਨਿਕਲ ਸਥਾਪਨਾ ਦੀ ਬੇਨਤੀ 'ਤੇ ਅਤੇ ਅਜਿਹੀ ਫ਼ੀਸ ਦੀ ਅਦਾਇਗੀ ਕਰਨ ਤੇ, ਜਿਵੇਂ ਮੁਕੱਰਰ ਕੀਤੀ ਜਾਵੇ, ਇੱਕ ਦੂਜੀ ਨਕਲ ਪ੍ਰਮਾਣ-ਪੱਤਰ ਜਾਰੀ ਕਰੇਗੀ। ਦੂਜੀ ਨਕਲ ਪ੍ਰਮਾਣ ਪੱਤਰ।

27. (1) ਆਰਜ਼ੀ ਜਾਂ ਸਥਾਈ ਰਜਿਸਟਰੀਕਰਨ ਦਾ ਪ੍ਰਮਾਣ-ਪੱਤਰ ਨਾਕਾਬਲ ਇੰਤਕਾਲ ਹੋਵੇਗਾ। ਪ੍ਰਮਾਣ-ਪੱਤਰ ਦਾ ਨਾਕਾਬਲ ਇੰਤਕਾਲ ਹੋਣਾ।

(2) ਮਾਲਕੀ ਜਾਂ ਪ੍ਰਬੰਧਨ ਵਿੱਚ ਤਬਦੀਲੀ ਜਾਂ ਸ਼੍ਰੇਣੀ, ਜਾਂ ਸਥਾਨ ਵਿੱਚ ਤਬਦੀਲੀ ਜਾਂ ਪ੍ਰਦਾਨ ਕੀਤੀ ਕਿਸੇ ਸੁਵਿਧਾ ਦੇ ਵਾਪਸ ਜਾਂ ਵਾਧਾ ਹੋਣ ਦੀ ਸਥਿਤੀ ਵਿੱਚ, ਕਲੀਨਿਕਲ ਸਥਾਪਨਾ ਸਬੰਧਤ ਰਜਿਸਟਰੀਕਰਨ ਅਥਾਰਟੀ ਨੂੰ ਅਜਿਹੀ ਤਬਦੀਲੀ ਬਾਰੇ ਅਜਿਹੇ ਤਰੀਕੇ ਨਾਲ ਸੂਚਿਤ ਕਰੇਗੀ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ ਅਤੇ ਅਜਿਹੀ ਕਲੀਨਿਕਲ ਸਥਾਪਨਾ ਅਜਿਹੀ ਫ਼ੀਸ ਦੇ ਨਾਲ ਜਿਵੇਂ ਮੁਕੱਰਰ ਕੀਤੀ ਜਾਵੇ, ਰਜਿਸਟਰੀਕਰਨ ਪ੍ਰਮਾਣ-ਪੱਤਰ ਜਾਰੀ ਕਰਨ ਲਈ ਦੁਬਾਰਾ ਦਰਖ਼ਾਸਤ ਦੇਵੇਗੀ।

(3) ਕਲੀਨਿਕਲ ਸਥਾਪਨਾ ਦੇ ਤੌਰ ਤੇ ਕਾਰਜ ਨਾ ਕਰਦੇ ਰਹਿਣ ਦੀ ਸਥਿਤੀ ਵਿੱਚ, ਅਜਿਹੀ ਕਲੀਨਿਕਲ ਸਥਾਪਨਾ ਦੇ ਬਾਰੇ ਰਜਿਸਟਰੀਕਰਨ ਦਾ ਪ੍ਰਮਾਣ-ਪੱਤਰ ਸਬੰਧਤ ਰਜਿਸਟਰੀਕਰਨ ਅਥਾਰਟੀ ਨੂੰ ਅਰਪਣ ਕਰ ਦਿੱਤਾ ਜਾਵੇਗਾ।

ਰਜਿਸਟਰੀਕਰਨ ਦੇ ਗੁਜ਼ਰਨ ਦਾ ਪ੍ਰਕਾਸ਼ਨ।

28. ਸਬੰਧਤ ਰਜਿਸਟਰੀਕਰਨ ਅਥਾਰਟੀ ਅਜਿਹੇ ਸਮੇਂ ਦੇ ਅੰਦਰ ਅਤੇ ਅਜਿਹੇ ਤਰੀਕੇ ਨਾਲ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ, ਅਜਿਹੀਆਂ ਸਥਾਪਨਾਵਾਂ ਦੇ ਨਾਂ ਪ੍ਰਕਾਸ਼ਤ ਕਰਵਾਏਗੀ, ਜਿਨ੍ਹਾਂ ਦਾ ਰਜਿਸਟਰੀਕਰਨ ਗੁਜ਼ਰ ਚੁੱਕਾ ਹੈ।

ਰਜਿਸਟਰੀਕਰਨ ਦਾ ਰੱਦਕਰਨ ਜਾਂ ਮੁਅੱਤਲੀ।

29. (1) ਜੇ ਕਿਸੇ ਕਲੀਨਿਕਲ ਸਥਾਪਨਾ ਦੇ ਰਜਿਸਟਰਸ਼ੁਦਾ ਹੋਣ ਤੋਂ ਬਾਅਦ ਕਿਸੇ ਵੀ ਸਮੇਂ ਅਤੇ ਸਬੰਧਤ ਰਜਿਸਟਰੀਕਰਨ ਅਥਾਰਟੀ ਨੂੰ ਕੋਈ ਸ਼ਿਕਾਇਤ ਪ੍ਰਾਪਤ ਹੋਣ 'ਤੇ ਅਤੇ ਮੁਕੱਰਰ ਕੀਤੇ ਤਰੀਕੇ ਨਾਲ ਅਜਿਹੀ ਸ਼ਿਕਾਇਤ ਦੀ ਉਚਿਤ ਜਾਂਚ ਕਰਵਾਉਣ ਤੇ ਸੰਤੁਸ਼ਟ ਹੈ,-

(ੳ) ਕਿ ਰਜਿਸਟਰੀਕਰਨ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ; ਜਾਂ

(ਅ) ਕਿ ਕੋਈ ਵੀ ਆਧਾਰ ਮੌਜੂਦ ਹਨ ਜਿਨ੍ਹਾਂ ਨੇ ਸਬੰਧਤ ਰਜਿਸਟਰੀਕਰਨ ਅਥਾਰਟੀ ਨੂੰ ਰਜਿਸਟਰੀਕਰਨ ਲਈ ਦਰਖ਼ਾਸਤ ਨੂੰ ਨਾ-ਮਨਜ਼ੂਰ ਕਰਨ ਲਈ ਹੱਕਦਾਰ ਬਣਾਉਣਾ ਸੀ; ਜਾਂ

(ੲ) ਕਿ ਵਿਅਕਤੀ, ਜਿਸ ਨੂੰ ਕਲੀਨਿਕਲ ਸਥਾਪਨਾ ਦਾ ਪ੍ਰਬੰਧਨ ਸੌਂਪਿਆ ਗਿਆ ਹੈ, ਵੱਲੋਂ ਕਿਸੇ ਵੀ ਨਿਰਦੇਸ਼ਾਂ ਦੀ ਖ਼ਿਲਾਫ਼ਵਰਜ਼ੀ ਕੀਤੀ ਹੈ ਜਿਸ ਵਿੱਚ ਸਬੰਧਤ ਰਜਿਸਟਰੀਕਰਨ ਅਥਾਰਟੀ ਦੁਆਰਾ ਸੁਧਾਰ ਦਾ ਕੋਈ ਨੋਟਿਸ ਵੀ ਸ਼ਾਮਲ ਹੈ; ਜਾਂ

(ਸ) ਕਿ ਵਿਅਕਤੀ ਜਿਸ ਨੂੰ ਕਲੀਨਿਕਲ ਸਥਾਪਨਾ ਦਾ ਪ੍ਰਬੰਧਨ ਸੌਂਪਿਆ ਗਿਆ ਹੈ, ਵੱਲੋਂ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਕਿਸੇ ਵੀ ਉਪਬੰਧਾਂ ਦੀ ਉਲੰਘਣਾ ਕੀਤੀ ਗਈ ਹੈ; ਜਾਂ

(ਹ) ਕਿ ਕਲੀਨਿਕਲ ਸਥਾਪਨਾ ਵੱਲੋਂ ਇਸ ਐਕਟ ਦੀ ਧਾਰਾ 31 ਅਧੀਨ ਜਾਰੀ ਕੀਤੇ ਗਏ ਸੁਧਾਰ ਨੋਟਿਸ ਦੀ ਪਾਲਣਾ ਨਹੀਂ ਕੀਤੀ ਗਈ ਹੈ,

ਸਬੰਧਤ ਰਜਿਸਟਰੀਕਰਨ ਅਥਾਰਟੀ, ਨੋਟਿਸ ਵਿੱਚ ਕਾਰਨਾਂ ਦਾ ਜ਼ਿਕਰ ਕਰਦੇ ਹੋਏ ਕਾਰਨ ਦੱਸੋ ਨੋਟਿਸ ਜਾਰੀ ਕਰ ਸਕਦੀ ਹੈ ਕਿ ਇਸ ਐਕਟ ਅਧੀਨ ਇਸ ਦੇ ਰਜਿਸਟਰੀਕਰਨ ਨੂੰ ਰੱਦ ਜਾਂ ਮੁਅੱਤਲ ਕਿਉਂ ਨਹੀਂ ਕੀਤਾ ਜਾਣਾ ਚਾਹੀਦਾ।

(2) ਜੇ ਕਲੀਨਿਕਲ ਸਥਾਪਨਾ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਤੋਂ ਬਾਅਦ, ਸਬੰਧਤ ਰਜਿਸਟਰੀਕਰਨ ਅਥਾਰਟੀ ਸੰਤੁਸ਼ਟ ਹੋ ਜਾਂਦੀ ਹੈ ਕਿ ਇਸ ਐਕਟ ਦੇ ਕਿਸੇ ਵੀ ਉਪਬੰਧਾਂ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਨੂੰ ਭੰਗ ਕੀਤਾ ਗਿਆ ਹੈ ਤਾਂ ਉਹ, ਇੱਕ ਹੁਕਮ ਦੁਆਰਾ, ਕਿਸੇ ਹੋਰ ਕਾਰਵਾਈ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ ਜੋ ਇਹ ਅਜਿਹੀ ਕਲੀਨਿਕਲ ਸਥਾਪਨਾ ਦੇ ਵਿਰੁੱਧ ਕਰ ਸਕਦੀ ਹੈ, ਇਸ ਦੇ ਰਜਿਸਟਰੀਕਰਨ ਨੂੰ ਰੱਦ ਜਾਂ ਮੁਅੱਤਲ ਕਰ ਸਕੇਗੀ।

ਕਲੀਨਿਕਲ ਸਥਾਪਨਾ ਦਾ ਨਿਰੀਖਣ।

30. (1) ਸਥਾਈ ਰਜਿਸਟਰੀਕਰਨ ਦਾ ਪ੍ਰਮਾਣ-ਪੱਤਰ ਜਾਰੀ ਕਰਨ ਤੋਂ ਪਹਿਲਾਂ ਉਪ-ਧਾਰਾ (2) ਵਿੱਚ ਦਰਸਾਈ ਗਈ ਸਬੰਧਤ ਰਜਿਸਟਰੀਕਰਨ ਅਥਾਰਟੀ ਜਾਂ ਬਹੁ-ਮੈਂਬਰੀ ਨਿਰੀਖਣ ਟੀਮ ਦੁਆਰਾ ਨਿਰੀਖਣ ਕਰਨਾ ਲਾਜ਼ਮੀ ਹੋਵੇਗਾ।

(2) ਸਬੰਧਤ ਰਜਿਸਟਰੀਕਰਨ ਅਥਾਰਟੀ ਜਾਂ ਇਸ ਦੁਆਰਾ ਅਧਿਕਾਰਤ ਇੱਕ ਬਹੁ-ਮੈਂਬਰੀ ਨਿਰੀਖਣ ਟੀਮ, ਜਿਸ ਵਿੱਚ ਘੱਟੋ-ਘੱਟ ਤਿੰਨ ਮੈਂਬਰ ਬੇਦਾਗ ਦਿਆਨਤਦਾਰੀ ਵਾਲੇ ਹੋਣਗੇ, ਨੂੰ ਕਿਸੇ ਵੀ ਰਜਿਸਟਸ਼ੁਦਾ ਕਲੀਨਿਕਲ ਸਥਾਪਨਾ, ਇਸ ਦੀ ਇਮਾਰਤ, ਪ੍ਰਯੋਗਸ਼ਾਲਾਵਾਂ ਅਤੇ ਸਾਜ਼-ਸਮਾਨ ਅਤੇ ਕਲੀਨਿਕਲ ਸਥਾਪਨਾ ਦੁਆਰਾ ਸੰਚਾਲਤ ਕੀਤੇ ਗਏ ਕੰਮ ਦੇ ਬਾਬਤ ਅਜਿਹੇ ਤਰੀਕੇ ਨਾਲ ਨਿਰੀਖਣ ਜਾਂ ਜਾਂਚ ਕਰਵਾਉਣ ਦਾ ਅਧਿਕਾਰ ਹੋਵੇਗਾ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ ਅਤੇ ਕਲੀਨਿਕਲ ਸਥਾਪਨਾ ਨਾਲ ਮੁਤੱਲਕ ਕਿਸੇ ਹੋਰ ਮਾਮਲੇ ਦੇ ਬਾਰੇ ਜਾਂਚ ਕਰਵਾਉਣ ਦਾ ਅਧਿਕਾਰ ਹੋਵੇਗਾ ਅਤੇ ਅਜਿਹੀ ਕਲੀਨਿਕਲ ਸਥਾਪਨਾ ਉੱਥੇ ਆਪਣੀ ਨੁਮਾਇੰਦਗੀ ਕਰਨ ਦੀ ਹੱਕਦਾਰ ਹੋਵੇਗੀ:

ਪਰੰਤੂ ਅਜਿਹੀ ਜਾਂਚ ਸਿਰਫ਼ ਉਦੋਂ ਹੀ ਕੀਤੀ ਜਾ ਸਕਦੀ ਹੈ ਜਦੋਂ ਸਬੰਧਤ ਰਜਿਸਟਰੀਕਰਨ ਅਥਾਰਟੀ ਨੂੰ ਘੋਸ਼ਣਾਵਾਂ ਜਾਂ ਨਿਬੰਧਨਾਂ ਅਤੇ ਸ਼ਰਤਾਂ ਦੇ ਭੰਗ ਕਰਨ ਦੀ ਸ਼ਿਕਾਇਤ ਪ੍ਰਾਪਤ ਹੁੰਦੀ ਹੈ।

(3) ਇਸ ਧਾਰਾ ਅਧੀਨ ਅਧਿਕਾਰਤ ਹਰੇਕ ਨਿਰੀਖਣ ਟੀਮ ਨਿਰੀਖਣ ਕਰੇਗੀ ਅਤੇ ਅਜਿਹੇ ਨਿਰੀਖਣ ਦੇ ਪੂਰਾ ਹੋਣ ਤੇ ਸੱਤ ਦਿਨਾਂ ਦੇ ਅੰਦਰ ਸਬੰਧਤ ਰਜਿਸਟਰੀਕਰਨ ਅਥਾਰਟੀ ਨੂੰ ਇੱਕ ਰਿਪੋਰਟ ਅਜਿਹੇ ਤਰੀਕੇ ਨਾਲ ਪੇਸ਼ ਕਰੇਗੀ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

(4) ਨਿਰੀਖਣ ਕਰਨ ਵਾਲੀ ਨਿਰੀਖਣ ਟੀਮ ਇਸ ਪ੍ਰਯੋਜਨ ਲਈ ਕਲੀਨਿਕਲ ਸਥਾਪਨਾ ਵਿੱਚ ਰੱਖੀ ਜਾਣ ਵਾਲੀ ਨਿਰੀਖਣ ਕਿਤਾਬ ਵਿੱਚ ਆਪਣਾ ਪ੍ਰੇਖਣ ਜਾਂ ਨਿਰੀਖਣ ਨੋਟ ਦਰਜ ਕਰੇਗੀ।

ਸੁਧਾਰ ਨੋਟਿਸ। 31. ਜੇ ਸਬੰਧਤ ਰਜਿਸਟਰੀਕਰਨ ਅਥਾਰਟੀ ਕੋਲ ਕਿਸੇ ਸ਼ਿਕਾਇਤ ਦੀ ਪ੍ਰਾਪਤੀ ਦੇ ਆਧਾਰ ਤੇ ਇਹ ਵਿਸ਼ਵਾਸ ਕਰਨ ਦਾ ਵਾਜਬ ਆਧਾਰ ਹੈ ਕਿ ਕੋਈ ਕਲੀਨਿਕਲ ਸਥਾਪਨਾ ਇਸ ਐਕਟ ਦੇ ਕਿਸੇ ਉਪਬੰਧ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹੀ ਹੈ, ਤਾਂ ਸਬੰਧਤ ਰਜਿਸਟਰੀਕਰਨ ਅਥਾਰਟੀ, ਸਬੰਧਤ ਕਲੀਨਿਕਲ ਸਥਾਪਨਾ ਦੀ ਰਾਏ ਦਾ ਪਤਾ ਲਗਾਉਣ ਤੋਂ ਬਾਅਦ, ਉਸ ਕਲੀਨਿਕਲ ਸਥਾਪਨਾ ਨੂੰ ਤਾਮੀਲ ਹੋਏ ਇੱਕ ਸੁਧਾਰ ਨੋਟਿਸ ਦੁਆਰਾ,–

(ੳ) ਇਹ ਵਿਸ਼ਵਾਸ ਕਰਨ ਦੇ ਆਧਾਰ ਬਿਆਨ ਕਰ ਸਕੇਗੀ ਕਿ ਕਲੀਨਿਕਲ ਸਥਾਪਨਾ ਇਸ ਐਕਟ ਦੇ ਕਿਸੇ ਉਪਬੰਧ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹੀ ਹੈ;

(ਅ) ਉਹਨਾਂ ਮਾਮਲਿਆਂ ਨੂੰ ਉਲਿਖਤ ਕਰ ਸਕੇਗੀ ਜੋ ਕਲੀਨਿਕਲ ਸਥਾਪਨਾ ਦੁਆਰਾ ਪਾਲਣਾ ਕਰਨ ਵਿੱਚ ਅਸਫ਼ਲਤਾ ਮੰਨੀ ਜਾਂਦੀ ਹੈ;

(ੲ) ਉਹਨਾਂ ਉਪਾਵਾਂ ਨੂੰ ਉਲਿਖਤ ਕਰ ਸਕੇਗੀ ਜੋ, ਸਬੰਧਤ ਰਜਿਸਟਰੀਕਰਨ ਅਥਾਰਟੀ ਦੀ ਰਾਏ ਵਿੱਚ ਪਾਲਣਾ ਯਕੀਨੀ ਬਣਾਉਣ ਦੇ ਮੰਤਵ ਨਾਲ ਕਲੀਨਿਕਲ ਸਥਾਪਨਾ ਵੱਲੋਂ ਜ਼ਰੂਰ ਕੀਤੇ ਜਾਣ; ਅਤੇ

(ਸ) ਕਲੀਨਿਕਲ ਸਥਾਪਨਾ ਤੋਂ ਉਹ ਉਪਾਅ ਜਾਂ ਉਪਾਅ ਜਿਹੜੇ ਘੱਟੋ-ਘੱਟ ਉਹਨਾਂ ਦੇ ਬਰਾਬਰ ਹਨ, ਇੱਕ ਵਾਜਬ ਮੁੱਦਤ ਦੇ ਅੰਦਰ (ਇੱਕ ਮਹੀਨੇ ਤੋਂ ਵੱਧ ਨਹੀਂ) ਕਰਨਾ ਲੋੜੇਗੀ ਜਿਵੇਂ ਨੋਟਿਸ ਵਿੱਚ ਉਲਿਖਤ ਕੀਤਾ ਗਿਆ ਹੋਵੇ।

ਮਨਾਹੀ ਹੁਕਮ। 32. (1) ਜੇ,–

(ੳ) ਕੋਈ ਕਲੀਨਿਕਲ ਸਥਾਪਨਾ ਨੂੰ ਇਸ ਐਕਟ ਅਧੀਨ ਕਿਸੇ ਅਪਰਾਧ ਲਈ ਸਿੱਧ-ਦੋਸ਼ੀ ਠਹਿਰਾਇਆ ਜਾਂਦਾ ਹੈ; ਜਾਂ

(ਅ) ਕਲੀਨਿਕਲ ਸਥਾਪਨਾ ਨੂੰ ਰਜਿਸਟਰੀਕਰਨ ਦੇ ਜਾਇਜ਼ ਪ੍ਰਮਾਣ-ਪੱਤਰ ਤੋਂ ਬਿਨਾਂ ਰੱਖਿਆ ਜਾਂ ਚਲਾਇਆ ਜਾ ਰਿਹਾ ਹੈ; ਜਾਂ

(ੲ) ਕਲੀਨਿਕਲ ਸਥਾਪਨਾ ਦਾ ਰਜਿਸਟਰੀਕਰਨ ਰੱਦ ਜਾਂ ਮੁਅੱਤਲ ਕਰ ਦਿੱਤਾ ਜਾਂਦਾ ਹੈ; ਜਾਂ

(ਸ) ਸਬੰਧਤ ਰਜਿਸਟਰੀਕਰਨ ਅਥਾਰਟੀ ਸੰਤੁਸ਼ਟ ਹੈ ਕਿ ਉਸ ਕਲੀਨਿਕਲ ਸਥਾਪਨਾ ਬਾਰੇ ਜਨਤਾ ਦੇ ਕਿਸੇ ਮੈਂਬਰ ਜਾਂ ਮਰੀਜ਼ ਦੀ ਸਿਹਤ ਅਤੇ ਸੁਰੱਖਿਅਤਾ ਲਈ ਇੱਕ ਅਤਿ ਨੇੜੇ ਖ਼ਤਰਾ ਮੌਜੂਦ ਹੈ,

ਤਾਂ ਸਬੰਧਤ ਰਜਿਸਟਰੀਕਰਨ ਅਥਾਰਟੀ, ਅਜਿਹੇ ਕਲੀਨਿਕਲ ਸਥਾਪਨਾ ਨੂੰ ਸੁਣਵਾਈ ਦਾ ਮੌਕਾ ਦੇਣ ਤੋਂ ਬਾਅਦ ਇੱਕ ਹੁਕਮ ਦੁਆਰਾ ਹੇਠ-ਲਿਖੀਆਂ ਮਨਾਹੀਆਂ ਅਰੋਪ ਸਕਦੀ ਹੈ, ਅਰਥਾਤ:-

(i) ਕਲੀਨਿਕਲ ਸਥਾਪਨਾ ਦੁਆਰਾ ਸੇਵਾ ਪ੍ਰਦਾਨ ਕਰਨ ਦੇ ਪ੍ਰਯੋਜਨਾਂ ਲਈ ਅਮਲ ਜਾਂ ਇਲਾਜ ਦੀ ਵਰਤੋਂ ਤੇ ਮਨਾਹੀ; ਅਤੇ/ਜਾਂ

(ii) ਕਲੀਨਿਕਲ ਸਥਾਪਨਾ ਦੁਆਰਾ ਸੇਵਾ ਪ੍ਰਦਾਨ ਕਰਨ ਦੇ ਪ੍ਰਯੋਜਨਾਂ ਲਈ ਇਹਾਤਾ ਜਾਂ ਸਾਜ਼-ਸਮਾਨ ਦੀ ਵਰਤੋਂ ਤੇ ਮਨਾਹੀ।

(2) ਉਪ-ਧਾਰਾ (1) ਅਧੀਨ ਕੀਤਾ ਗਿਆ ਹਰੇਕ ਹੁਕਮ ਤੁਰੰਤ ਪ੍ਰਭਾਵੀ ਹੋਵੇਗਾ:

ਪਰੰਤੂ ਸਬੰਧਤ ਰਜਿਸਟਰੀਕਰਨ ਅਥਾਰਟੀ, ਮਨਾਹੀ ਹੁਕਮ ਜਾਰੀ ਕਰਨ ਤੋਂ ਬਾਅਦ, ਕਲੀਨਿਕਲ ਸਥਾਪਨਾ ਨੂੰ ਸਿਹਤ ਸੰਭਾਲ ਨਾਲ ਸਬੰਧਤ ਸੇਵਾਵਾਂ ਨੂੰ ਤੁਰੰਤ ਰੋਕਣ ਲਈ ਅਜਿਹੇ ਕਦਮ ਚੁੱਕੇਗੀ, ਜਿਵੇਂ ਮੁਕੱਰਰ ਕੀਤੇ ਜਾਣ।

ਪ੍ਰਵੇਸ਼ ਕਰਨ ਦੀ ਸ਼ਕਤੀ।

33. ਸਬੰਧਤ ਰਜਿਸਟਰੀਕਰਨ ਅਥਾਰਟੀ ਜਾਂ ਅਜਿਹੇ ਅਧਿਕਾਰੀ ਜਿਨ੍ਹਾਂ ਨੂੰ ਇਸ ਦੁਆਰਾ ਅਧਿਕਾਰਤ ਕੀਤਾ ਜਾਵੇ, ਜੇ ਸ਼ੱਕ ਕਰਨ ਦਾ ਕਾਰਨ ਹੈ ਕਿ ਕੋਈ ਵਿਅਕਤੀ ਬਿਨ੍ਹਾਂ ਰਜਿਸਟਰੀਕਰਨ ਦੇ ਕਲੀਨਿਕਲ ਸਥਾਪਨਾ ਚਲਾ ਰਿਹਾ ਹੈ, ਕਿਸੇ ਵਾਜਬ ਸਮੇਂ ਤੇ ਮੁਕੱਰਰ ਕੀਤੇ ਤਰੀਕੇ ਨਾਲ ਦਾਖ਼ਲ ਅਤੇ ਜਾਂਚ ਕਰ ਸਕਦੇ ਹਨ ਅਤੇ ਕਲੀਨਿਕਲ ਸਥਾਪਨਾ, ਨਿਰੀਖਣ ਜਾਂ ਜਾਂਚ ਲਈ ਵਾਜਬ ਸਹੂਲਤਾਂ ਦੀ ਪੇਸ਼ਕਸ ਕਰੇਗੀ ਅਤੇ ਉੱਥੇ ਆਪਣੀ ਨੁਮਾਇੰਦਗੀ ਕਰਨ ਦੀ ਹੱਕਦਾਰ ਹੋਵੇਗੀ:

ਪਰੰਤੂ ਅਜਿਹਾ ਕੋਈ ਵਿਅਕਤੀ ਸਬੰਧਤ ਰਜਿਸਟਰੀਕਰਨ ਅਥਾਰਟੀ ਦੇ ਪੱਤਰ ਤੋਂ ਬਿਨਾਂ ਕਲੀਨਿਕਲ ਸਥਾਪਨਾ ਵਿੱਚ ਦਾਖ਼ਲ ਨਹੀਂ ਹੋਵੇਗਾ।

## ਅਧਿਆਏ IV

## ਪੰਜਾਬ ਰਾਜ ਅਪੀਲੀ ਅਥਾਰਟੀ

ਪੰਜਾਬ ਰਾਜ ਅਪੀਲੀ ਅਥਾਰਟੀ।

34. (1) ਉਸ ਤਰੀਕ ਤੋਂ ਪ੍ਰਭਾਵੀ ਜਿਵੇਂ ਰਾਜ ਸਰਕਾਰ ਇਸ ਨਮਿੱਤ ਅਧਿਸੂਚਨਾ ਦੁਆਰਾ ਨਿਯਤ ਕਰੇ, ਇਸ ਐਕਟ ਦੇ ਪ੍ਰਯੋਜਨਾਂ ਲਈ, ਕਲੀਨਿਕਲ ਸਥਾਪਨਾਵਾਂ ਲਈ ਪੰਜਾਬ ਰਾਜ ਅਪੀਲੀ ਅਥਾਰਟੀ ਕਹੀ ਜਾਣ ਵਾਲੀ ਪੰਜਾਬ ਰਾਜ ਅਪੀਲੀ ਅਥਾਰਟੀ ਸਥਾਪਤ ਕੀਤੀ ਜਾਵੇਗੀ।

(2) ਪੰਜਾਬ ਰਾਜ ਅਪੀਲੀ ਅਥਾਰਟੀ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | |
|---|---|---|
| (i) | ਪ੍ਰਬੰਧਕੀ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ; | ਚੇਅਰਪਰਸਨ |

| | | |
|---|---|---|
| (ii) | ਡਾਇਰੈਕਟਰ, ਸਿਹਤ ਸੇਵਾਵਾਂ (ਪਰਿਵਾਰ ਭਲਾਈ), ਪੰਜਾਬ; ਅਤੇ | ਮੈਂਬਰ |
| (iii) | ਰਾਜ ਸਰਕਾਰ ਦੁਆਰਾ ਨਾਮਜ਼ਦ ਕੀਤਾ ਇੱਕ ਕਾਨੂੰਨ ਅਧਿਕਾਰੀ। | ਮੈਂਬਰ |

ਪੰਜਾਬ ਰਾਜ ਅਪੀਲੀ ਅਥਾਰਟੀ ਦੇ ਕਾਜਕਾਰ।

35. ਪੰਜਾਬ ਰਾਜ ਅਪੀਲੀ ਅਥਾਰਟੀ,-

(i) ਰਾਜ ਰਜਿਸਟਰੀਕਰਨ ਅਥਾਰਟੀ ਅਤੇ ਜ਼ਿਲ੍ਹਾ ਰਜਿਸਟਰੀਕਰਨ ਅਥਾਰਟੀ ਦੇ ਹੁਕਮਾਂ ਦੇ ਵਿਰੁੱਧ ਅਪੀਲਾਂ ਦੀ ਸੁਣਵਾਈ ਕਰਨ ਲਈ ਅਪੀਲੀ ਅਥਾਰਟੀ ਹੋਵੇਗੀ; ਅਤੇ

(ii) ਅਜਿਹੇ ਹੋਰ ਕਾਰਜ ਨਿਭਾਏਗੀ ਜਿਵੇਂ ਰਾਜ ਸਰਕਾਰ ਦੁਆਰਾ ਨਿਰਧਾਰਤ ਕੀਤੇ ਗਏ ਹੋਣ।

ਅਪੀਲ ਅਤੇ ਪਰਤਾਉਣਾ।

36. (1) ਕੋਈ ਵਿਅਕਤੀ,-

(i) ਸਬੰਧਤ ਰਜਿਸਟਰੀਕਰਨ ਅਥਾਰਟੀ, ਦੁਆਰਾ ਇੱਕ ਕਲੀਨਿਕਲ ਸਥਾਪਨਾ ਨੂੰ ਰਜਿਸਟਰੀਕਰਨ ਲਈ ਇੱਕ ਦਰਖ਼ਾਸਤ ਦੇ ਮਨਜ਼ੂਰ ਜਾਂ ਨਾ-ਮਨਜ਼ੂਰ ਹੋਣ ਬਾਰੇ ਮੁਕੱਰਰ ਮੁੱਦਤ ਦੇ ਅੰਦਰ ਸੰਸੂਚਤ ਕਰਨ ਵਿੱਚ ਅਸਫ਼ਲਤਾ; ਜਾਂ

(ii) ਰਜਿਸਟਰੀਕਰਨ ਮਨਜ਼ੂਰ ਕਰਨ ਜਾਂ ਰਜਿਸਟਰੀਕਰਨ ਪ੍ਰਮਾਣ-ਪੱਤਰ ਨੂੰ ਵਧਾਉਣ ਜਾਂ ਨਵਿਆਉਣ ਤੋਂ ਇਨਕਾਰ ਕਰਨ ਸਬੰਧੀ ਸਬੰਧਤ ਰਜਿਸਟਰੀਕਰਨ ਅਥਾਰਟੀ ਦੇ ਹੁਕਮ; ਜਾਂ

(iii) ਰਜਿਸਟਰੀਕਰਨ ਪ੍ਰਮਾਣ-ਪੱਤਰ ਨੂੰ ਰੱਦ ਜਾਂ ਮੁਅੱਤਲ ਕਰਨ ਦੇ ਹੁਕਮ; ਜਾਂ

(iv) ਇੱਕ ਸੁਧਾਰ ਨੋਟਿਸ; ਜਾਂ

(v) ਮਨਾਹੀ ਹੁਕਮ;

(vi) ਜਾਂ ਸਬੰਧਤ ਰਜਿਸਟਰੀਕਰਨ ਅਥਾਰਟੀ ਦੇ ਕੋਈ ਹੋਰ ਹੁਕਮ ਤੋਂ ਦੁਖਤ ਵਿਅਕਤੀ ਪੰਜਾਬ ਰਾਜ ਅਪੀਲੀ ਅਥਾਰਟੀ ਨੂੰ ਅਪੀਲ ਕਰ ਸਕਦਾ ਹੈ।

(2) ਉਪ-ਧਾਰਾ (1) ਅਧੀਨ ਹਰੇਕ ਅਪੀਲ ਅਜਿਹੇ ਤਰੀਕੇ ਨਾਲ, ਅਜਿਹੇ ਰੂਪ ਵਿੱਚ, ਅਜਿਹੀ ਮੁੱਦਤ ਦੇ ਅੰਦਰ ਕੀਤੀ ਜਾਵੇਗੀ ਅਤੇ ਇਸ ਦੇ ਨਾਲ ਅਜਿਹੀ ਫ਼ੀਸ ਵੀ ਦਿੱਤੀ ਜਾਵੇਗੀ, ਜਿਵੇਂ ਮੁਕੱਰਰ ਕੀਤੀ ਹੋਵੇ:

ਪਰੰਤੂ ਪੰਜਾਬ ਰਾਜ ਅਪੀਲੀ ਅਥਾਰਟੀ ਉਪ-ਧਾਰਾ (1) ਵਿੱਚ ਹਵਾਲਾ ਦਿੱਤੀ ਅਪੀਲ ਮੁਕੱਰਰ ਮੁੱਦਤ ਦੇ ਗੁਜ਼ਰਨ ਤੋਂ ਬਾਅਦ ਵੀ ਲੈ ਸਕਦੀ ਹੈ ਜੇ ਇਸ

ਦੀ ਸੰਤੁਸ਼ਟੀ ਹੋ ਜਾਂਦੀ ਹੈ ਕਿ ਅਪੀਲਕਰਤਾ ਨੂੰ ਅਪੀਲ ਦਾਇਰ ਕਰਨ ਤੋਂ ਕਾਫ਼ੀ ਕਾਰਨ ਕਰਕੇ ਰੋਕਿਆ ਗਿਆ ਸੀ।

(3) ਪੰਜਾਬ ਰਾਜ ਅਪੀਲੀ ਅਥਾਰਟੀ ਦੁਆਰਾ ਅਪੀਲ 'ਤੇ ਵਿਚਾਰ ਕਰਨ ਤੋਂ ਬਾਅਦ ਰਜਿਸਟਰੀਕਰਨ ਦੀ ਮਨਸੂਖੀ ਨੂੰ ਪਰਤਾਇਆ ਜਾ ਸਕਦਾ ਹੈ।

(4) ਪੰਜਾਬ ਰਾਜ ਅਪੀਲੀ ਅਥਾਰਟੀ ਦਾ ਫ਼ੈਸਲਾ ਅੰਤਿਮ ਅਤੇ ਬੰਧਨਕਾਰੀ ਹੋਵੇਗਾ।

## ਅਧਿਆਏ V

## ਕਲੀਨਿਕਲ ਸਥਾਪਨਾਵਾਂ ਦੇ ਰਜਿਸਟਰ

ਕਲੀਨਿਕਲ ਸਥਾਪਨਾਵਾਂ ਦੇ ਜ਼ਿਲ੍ਹਾ ਰਜਿਸਟਰ।

37. (1) ਸਬੰਧਤ ਜ਼ਿਲ੍ਹਾ ਰਜਿਸਟਰੀਕਰਨ ਅਥਾਰਟੀ, ਉਸ ਜ਼ਿਲੇ ਦੇ ਸਾਰੇ ਕਲੀਨਿਕਲ ਸਥਾਪਨਾਵਾਂ ਦੇ ਬਾਰੇ ਵਿੱਚ, ਇੱਕ ਸੌ ਜਾਂ ਵੱਧ ਬਿਸਤਰਿਆਂ ਵਾਲੀਆਂ ਕਲੀਨਿਕਲ ਸਥਾਪਨਾਵਾਂ ਨੂੰ ਛੱਡ ਕੇ, ਕਲੀਨਿਕਲ ਸਥਾਪਨਾਵਾਂ ਦੇ ਜ਼ਿਲ੍ਹਾ ਰਜਿਸਟਰ ਵਜੋਂ ਜਾਣਿਆ ਜਾਂਦਾ ਇੱਕ ਰਜਿਸਟਰ ਅਜਿਹੇ ਰੂਪ ਵਿੱਚ ਅਤੇ ਅਜਿਹੇ ਵੇਰਵਿਆਂ ਸਮੇਤ ਰੱਖੇਗੀ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

(2) ਸਬੰਧਤ ਜ਼ਿਲ੍ਹਾ ਰਜਿਸਟਰੀਕਰਨ ਅਥਾਰਟੀ ਆਪਣੀ ਸਥਾਪਨਾ ਤੋਂ ਦੋ ਸਾਲਾਂ ਦੀ ਮੁੱਦਤ ਦੇ ਅੰਦਰ, ਇਸ ਦੁਆਰਾ ਰਜਿਸਟਰਸ਼ੁਦਾ ਕੀਤੇ ਕਲੀਨਿਕਲ ਸਥਾਪਨਾਵਾਂ ਦੇ ਇੱਕ ਰਜਿਸਟਰ ਨੂੰ ਡਿਜੀਟਲ ਫਾਰਮੈਟ ਵਿੱਚ ਸੰਕਲਨ, ਪ੍ਰਕਾਸ਼ਤ ਅਤੇ ਬਣਾਈ ਰੱਖੇਗੀ ਅਤੇ ਇਸ ਤਰ੍ਹਾਂ ਜਾਰੀ ਕੀਤੇ ਪ੍ਰਮਾਣ-ਪੱਤਰਾਂ ਦੇ ਵੇਰਵੇ ਅਜਿਹੇ ਪ੍ਰਯੋਜਨ ਲਈ ਰੱਖੇ ਜਾਣ ਵਾਲੇ ਰਜਿਸਟਰ ਵਿੱਚ ਦਾਖ਼ਲ ਕਰੇਗੀ।

ਕਲੀਨਿਕਲ ਸਥਾਪਨਾਵਾਂ ਦੇ ਰਾਜ ਰਜਿਸਟਰ।

38. (1) ਰਾਜ ਰਜਿਸਟਰੀਕਰਨ ਅਥਾਰਟੀ, ਇੱਕ ਸੌ ਜਾਂ ਵੱਧ ਬਿਸਤਰਿਆਂ ਵਾਲੇ ਕਲੀਨਿਕ ਸਥਾਪਨਾਵਾਂ ਦੇ ਬਾਰੇ ਵਿੱਚ ਇੱਕ ਕਲੀਨਿਕਲ ਸਥਾਪਨਾਵਾਂ ਦੇ ਰਾਜ ਰਜਿਸਟਰ ਵਜੋਂ ਜਾਣਿਆ ਜਾਂਦਾ ਇੱਕ ਰਜਿਸਟਰ, ਅਜਿਹੇ ਰੂਪ ਵਿੱਚ ਅਤੇ ਵੇਰਵਿਆਂ ਸਮੇਤ ਰੱਖੇਗੀ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

(2) ਰਾਜ ਰਜਿਸਟਰੀਕਰਨ ਅਥਾਰਟੀ ਆਪਣੀ ਸਥਾਪਨਾ ਤੋਂ ਦੋ ਸਾਲਾਂ ਦੀ ਮੁੱਦਤ ਦੇ ਅੰਦਰ, ਇਸ ਦੁਆਰਾ ਰਜਿਸਟਰਸ਼ੁਦਾ ਕੀਤੇ ਕਲੀਨਿਕਲ ਸਥਾਪਨਾਵਾਂ ਦੇ ਇੱਕ ਰਜਿਸਟਰ ਨੂੰ ਡਿਜੀਟਲ ਫਾਰਮੈਟ ਵਿੱਚ ਸੰਕਲਨ, ਪ੍ਰਕਾਸ਼ਤ ਅਤੇ ਬਣਾਈ ਰੱਖੇਗੀ ਅਤੇ ਇਸ ਤਰ੍ਹਾਂ ਜਾਰੀ ਕੀਤੇ ਗਏ ਪ੍ਰਮਾਣ-ਪੱਤਰਾਂ ਦੇ ਵੇਰਵੇ ਅਜਿਹੇ ਪ੍ਰਯੋਜਨ ਲਈ ਰੱਖੇ ਜਾਣ ਵਾਲੇ ਰਜਿਸਟਰ ਵਿੱਚ ਦਾਖ਼ਲ ਕਰੇਗੀ।

ਪੰਜਾਬ ਰਾਜ ਮਾਸਟਰ ਰਜਿਸਟਰ।

39. (1) ਪੰਜਾਬ ਰਾਜ ਪਰਿਸ਼ਦ, ਪੰਜਾਬ ਰਾਜ ਵਿੱਚ ਰਜਿਸਟਰਸ਼ੁਦਾ ਸਾਰੀਆਂ ਕਲੀਨਿਕਲ ਸਥਾਪਨਾਵਾਂ ਦੇ ਬਾਰੇ ਵਿੱਚ ਕਲੀਨਿਕਲ ਸਥਾਪਨਾਵਾਂ ਦਾ ਪੰਜਾਬ ਰਾਜ ਮਾਸਟਰ ਰਜਿਸਟਰ ਵਜੋਂ ਜਾਣਿਆ ਜਾਂਦਾ ਇੱਕ ਰਜਿਸਟਰ ਅਜਿਹੇ ਰੂਪ ਵਿੱਚ ਅਤੇ ਅਜਿਹੇ ਵੇਰਵਿਆਂ ਸਮੇਤ ਰੱਖੇਗੀ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

(2) ਪੰਜਾਬ ਰਾਜ ਪਰਿਸ਼ਦ ਦੇ ਨਮਿੱਤ ਪੰਜਾਬ ਰਾਜ ਮਾਸਟਰ ਰਜਿਸਟਰ ਨੂੰ ਸੰਕਲਨ ਅਤੇ ਅਪਡੇਟ ਕਰਨ ਦੀ ਜ਼ਿੰਮੇਵਾਰੀ ਕਲੀਨਿਕਲ ਸਥਾਪਨਾਵਾਂ ਦੇ ਰਾਜ ਰਜਿਸਟਰਾਰ ਦੀ ਹੋਵੇਗੀ।

(3) ਪੰਜਾਬ ਰਾਜ ਮਾਸਟਰ ਰਜਿਸਟਰ ਨੂੰ ਬਾਅਦ ਵਿੱਚ ਦੋ ਸਾਲਾਂ ਦੇ ਅੰਦਰ ਡਿਜੀਟਾਈਜ਼ ਕੀਤਾ ਜਾਵੇਗਾ।

(4) ਪੰਜਾਬ ਰਾਜ ਪਰਿਸ਼ਦ ਰਾਜ ਸਰਕਾਰ ਦੇ ਨਮਿੱਤ ਕੇਂਦਰੀ ਸਰਕਾਰ ਨੂੰ ਪੰਜਾਬ ਰਾਜ ਮਾਸਟਰ ਰਜਿਸਟਰ ਦੀ ਇੱਕ ਕਾਪੀ ਦੇਵੇਗੀ ਅਤੇ ਇੱਕ ਖ਼ਾਸ ਮਹੀਨੇ ਲਈ ਉਕਤ ਰਜਿਸਟਰ ਵਿੱਚ ਕੀਤੇ ਗਏ ਸਾਰੇ ਵਾਧੇ ਅਤੇ ਹੋਰ ਸੋਧਾਂ ਬਾਰੇ ਆਉਣ ਵਾਲੇ ਮਹੀਨੇ ਦੇ ਪੰਦਰਵੇਂ ਦਿਨ ਤੱਕ ਕੇਂਦਰੀ ਸਰਕਾਰ ਨੂੰ ਸੂਚਿਤ ਕਰੇਗੀ।

## ਅਧਿਆਏ VI

## ਡੰਨ

ਡੰਨ।

40. ਜੋ ਕੋਈ ਵੀ ਇਸ ਐਕਟ ਦੇ ਕਿਸੇ ਵੀ ਉਪਬੰਧ ਦੀ ਉਲੰਘਣਾ ਕਰਦਾ ਹੈ, ਜੇ ਹੋਰ ਕਿਤੇ ਡੰਨ ਉਪਬੰਧਤ ਨਹੀਂ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੇ ਅਨੁਸਰਣ ਵਿੱਚ ਸਜ਼ਾਯੋਗ ਹੋਵੇਗਾ।

ਰਜਿਸਟਰੀਕਰਨ ਨਾ ਕਰਾਉਣ ਲਈ ਮੁਦਰਾ ਡੰਨ।

41. (1) ਜੋ ਕੋਈ ਵੀ ਰਜਿਸਟਰੀਕਰਨ ਤੋਂ ਬਿਨ੍ਹਾਂ ਕਲੀਨਿਕਲ ਸਥਾਪਨਾ ਚਲਾਉਂਦਾ ਹੈ, ਪਹਿਲੀ ਉਲੰਘਣਾ 'ਤੇ ਮੁਦਰਾ ਡੰਨ ਜੋ ਪੰਜਾਹ ਹਜਾਰ ਰੁਪਏ ਤੱਕ ਵਧ ਸਕਦਾ ਹੈ, ਦੂਜੀ ਉਲੰਘਣਾ ਲਈ ਇੱਕ ਮੁਦਰਾ ਡੰਨ ਨਾਲ ਜੋ ਦੋ ਲੱਖ ਰੁਪਏ ਤੱਕ ਵਧ ਸਕਦਾ ਹੈ ਅਤੇ ਬਾਅਦ ਵਿੱਚ ਕਿਸੇ ਵੀ ਉਲੰਘਣਾ ਲਈ ਪੰਜ ਲੱਖ ਰੁਪਏ ਤੱਕ ਦੇ ਮੁਦਰਾ ਡੰਨ ਲਈ ਭਾਗੀ ਹੋਵੇਗਾ ਅਤੇ ਅਨੁਸ਼ਾਸਨੀ ਕਾਰਵਾਈ ਲਈ ਵੀ ਭਾਗੀ ਹੋ ਸਕਦਾ ਹੈ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

(2) ਜੋ ਕੋਈ ਵੀ ਜਾਣਬੁੱਝ ਕੇ ਇੱਕ ਕਲੀਨਿਕਲ ਸਥਾਪਨਾ ਵਿੱਚ ਸੇਵਾ ਕਰਦਾ ਹੈ ਜੋ ਇਸ ਐਕਟ ਅਧੀਨ ਉਚਿਤ ਤਰੀਕੇ ਨਾਲ ਰਜਿਸਟਰਸ਼ੁਦਾ ਨਹੀਂ ਹੈ, ਪਹਿਲੀ ਉਲੰਘਣਾ 'ਤੇ ਮੁਦਰਾ ਡੰਨ ਜੋ ਪੱਚੀ ਹਜਾਰ ਰੁਪਏ ਤੱਕ ਵਧ ਸਕਦਾ ਹੈ, ਦੂਜੀ ਉਲੰਘਣਾ ਲਈ ਮੁਦਰਾ ਡੰਨ ਜੋ ਇੱਕ ਲੱਖ ਰੁਪਏ ਤੱਕ ਵਧ ਸਕਦਾ ਹੈ ਅਤੇ ਬਾਅਦ ਵਿੱਚ ਕਿਸੇ ਵੀ ਉਲੰਘਣਾ ਲਈ ਮੁਦਰਾ ਡੰਨ ਜੋ ਦੋ ਲੱਖ ਪੰਜਾਹ ਹਜਾਰ ਰੁਪਏ ਤੱਕ ਵਧ ਸਕਦਾ ਹੈ, ਲਈ ਭਾਗੀ ਹੋਵੇਗਾ।

(3) ਉਪ-ਧਾਰਾ (1) ਅਤੇ (2) ਅਧੀਨ ਨਿਆਂ ਨਿਰਣਤ ਕਰਨ ਦੇ ਪ੍ਰਯੋਜਨ ਲਈ, ਸਬੰਧਤ ਰਜਿਸਟਰੀਕਰਨ ਅਥਾਰਟੀ ਕੋਈ ਮੁਦਰਾ ਡੰਨ ਅਰੋਪਣ ਦੇ ਪ੍ਰਯੋਜਨ ਲਈ ਸਬੰਧਤ ਵਿਅਕਤੀ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਤੋਂ ਬਾਅਦ ਮੁਕੱਰਰ ਕੀਤੇ ਤਰੀਕੇ ਨਾਲ ਜਾਂਚ ਕਰੇਗੀ।

(4) ਜਾਂਚ ਕਰਦੇ ਸਮੇਂ, ਸਬੰਧਤ ਰਜਿਸਟਰੀਕਰਨ ਅਥਾਰਟੀ ਕੋਲ, ਮੁਕੱਦਮੇ ਦੇ ਤੱਥਾਂ ਅਤੇ ਹਾਲਾਤ ਤੋਂ ਜਾਣੂ ਵਿਅਕਤੀ ਨੂੰ ਸ਼ਹਾਦਤ ਦੇਣ ਜਾਂ ਕੋਈ ਦਸਤਾਵੇਜ਼ ਪੇਸ਼ ਕਰਨ ਲਈ ਤਲਬ ਕਰਨ ਅਤੇ ਹਾਜ਼ਰ ਕਰਵਾਉਣ ਦੀ ਸ਼ਕਤੀ ਹੋਵੇਗੀ ਜੋ ਸਬੰਧਤ ਰਜਿਸਟਰੀਕਰਨ ਅਥਾਰਟੀ ਦੀ ਰਾਏ ਵਿੱਚ, ਜਾਂਚ ਦੇ

ਵਿਸ਼ਾ-ਵਸਤੂ ਲਈ ਉਪਯੋਗੀ ਜਾਂ ਸੁਸੰਗਤ ਹੋ ਸਕਦਾ ਹੈ ਅਤੇ ਜੇ ਅਜਿਹੀ ਜਾਂਚ ਦੇ ਆਧਾਰ ਤੇ, ਇਹ ਸੰਤੁਸ਼ਟੀ ਹੋ ਜਾਂਦੀ ਹੈ ਕਿ ਵਿਅਕਤੀ ਉਪ-ਧਾਰਾਵਾਂ (1) ਅਤੇ (2) ਵਿੱਚ ਉਲਿਖਤ ਕੀਤੇ ਗਏ ਉਪਬੰਧਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਿਹਾ ਹੈ ਤਾਂ ਇਹ ਹੁਕਮ ਦੁਆਰਾ ਉਕਤ ਉਪ-ਧਾਰਾਵਾਂ ਵਿੱਚ ਉਲਿਖਤ ਕੀਤੇ ਅਨੁਸਾਰ ਮੁਦਰਾ ਡੰਨ ਅਰੋਪ ਸਕਦੀ ਹੈ ਜੋ ਕਿ ਧਾਰਾ 42 ਦੀ ਉਪ-ਧਾਰਾ (8) ਵਿੱਚ ਹਵਾਲਾ ਦਿੱਤੇ ਖਾਤੇ ਵਿੱਚ ਹੁਕਮ ਦੇ ਤੀਹ ਦਿਨਾਂ ਦੇ ਅੰਦਰ ਜਮ੍ਹਾਂ ਕੀਤਾ ਜਾਵੇਗਾ।

(5) ਮੁਦਰਾ ਡੰਨ ਦੀ ਮਾਤਰਾ ਨਿਰਧਾਰਤ ਕਰਦੇ ਸਮੇਂ, ਸਬੰਧਤ ਰਜਿਸਟਰੀਕਰਨ ਅਥਾਰਟੀ ਕਲੀਨਿਕਲ ਸਥਾਪਨਾ ਦੀ ਸ਼੍ਰੇਣੀ, ਆਕਾਰ ਅਤੇ ਕਿਸਮ ਅਤੇ ਉਸ ਖੇਤਰ ਦੀਆਂ ਸਥਾਨਕ ਸ਼ਰਤਾਂ ਨੂੰ ਧਿਆਨ ਵਿੱਚ ਰੱਖੇਗੀ ਜਿੱਥੇ ਕਲੀਨਿਕਲ ਸਥਾਪਨਾ ਸਥਿਤ ਹੈ।

(6) ਸਬੰਧਤ ਰਜਿਸਟਰੀਕਰਨ ਅਥਾਰਟੀ ਦੇ ਫ਼ੈਸਲੇ ਤੋਂ ਦੁਖਤ ਕੋਈ ਵਿਅਕਤੀ ਪੰਜਾਬ ਰਾਜ ਅਪੀਲੀ ਅਥਾਰਟੀ ਨੂੰ ਅਜਿਹੇ ਸਮੇਂ ਦੇ ਅੰਦਰ ਅਪੀਲ ਕਰ ਸਕਦਾ ਹੈ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

(7) ਉਪ-ਧਾਰਾ (6) ਵਿੱਚ ਹਵਾਲਾ ਦਿੱਤੀ ਅਪੀਲ ਦਾਇਰ ਕਰਨ ਦਾ ਤਰੀਕਾ ਅਜਿਹਾ ਹੋਵੇਗਾ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

(8) ਪੰਜਾਬ ਮੈਡੀਕਲ ਪਰਿਸ਼ਦ ਜਾਂ ਸਬੰਧਤ ਰਜਿਸਟਰੀਕਰਨ ਪਰਿਸ਼ਦ ਜਾਂ ਬੌਡੀ ਨੂੰ ਉਸ ਡਾਕਟਰ ਜਾਂ ਸੇਵਾ ਪ੍ਰਦਾਤਾ ਦੇ ਨਾਮ ਬਾਰੇ ਸੂਚਿਤ ਕੀਤਾ ਜਾਵੇਗਾ ਜਿਸ ਨੇ ਤਿੰਨ ਤੋਂ ਵੱਧ ਅਪਰਾਧ ਕੀਤੇ ਹਨ।

ਹਦਾਇਤ ਦੀ ਅਵੱਗਿਆ, ਸੂਚਨਾ ਦੀ ਰੁਕਾਵਟ ਅਤੇ ਇਨਕਾਰ।

42. (1) ਜੋ ਕੋਈ ਵੀ ਸਬੰਧਤ ਰਜਿਸਟਰੀਕਰਨ ਅਥਾਰਟੀ ਦੁਆਰਾ ਜਾਂ ਇਸ ਐਕਟ ਅਧੀਨ ਅਜਿਹਾ ਨਿਰਦੇਸ਼ ਜਾਰੀ ਕਰਨ ਲਈ ਅਖ਼ਤਿਆਰਤ ਕਿਸੇ ਵਿਅਕਤੀ ਦੁਆਰਾ ਕਾਨੂੰਨ-ਪੂਰਬਕ ਜਾਰੀ ਕੀਤੇ ਗਏ ਕਿਸੇ ਨਿਰਦੇਸ਼ ਦੀ ਜਾਣਬੁੱਝ ਕੇ ਅਵੱਗਿਆ ਕਰਦਾ ਹੈ, ਜਾਂ ਕਿਸੇ ਵਿਅਕਤੀ ਜਾਂ ਅਥਾਰਟੀ ਨੂੰ ਕਿਸੇ ਕਰਤੱਵ ਜਾਂ ਕਾਰਜਾਂ ਨੂੰ ਨਿਭਾਉਣ ਵਿੱਚ ਰੁਕਾਵਟ ਪਾਉਂਦਾ ਹੈ ਜੋ ਅਜਿਹੇ ਵਿਅਕਤੀ ਜਾਂ ਅਥਾਰਟੀ ਨੂੰ ਇਸ ਐਕਟ ਅਧੀਨ ਨਿਭਾਉਣ ਲਈ ਲੋੜੀਂਦਾ ਜਾਂ ਅਧਿਕਾਰਤ ਕੀਤਾ ਗਿਆ ਹੋਵੇ, ਉਹ ਮੁਦਰਾ ਡੰਨ ਲਈ ਭਾਗੀ ਹੋਵੇਗਾ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

(2) ਜੋ ਕੋਈ ਵੀ ਇਸ ਐਕਟ ਦੁਆਰਾ ਜਾਂ ਅਧੀਨ ਕੋਈ ਸੂਚਨਾ ਦੇਣ ਲਈ ਲੋੜਿਆ ਜਾਂਦਾ ਹੈ, ਜਾਣਬੁੱਝ ਕੇ ਅਜਿਹੀ ਸੂਚਨਾ ਨੂੰ ਰੋਕਦਾ ਹੈ ਜਾਂ ਜਾਣਬੁੱਝ ਕੇ ਅਜਿਹੀ ਸੂਚਨਾ ਪ੍ਰਦਾਨ ਕਰਦਾ ਹੈ ਜਿਸ ਨੂੰ ਉਹ ਜਾਣਦਾ ਹੈ ਕਿ ਉਹ ਝੂਠੀ ਹੈ ਜਾਂ ਜਿਸ ਤੇ ਉਹ ਵਿਸ਼ਵਾਸ ਨਹੀਂ ਕਰਦਾ ਕਿ ਉਹ ਸਹੀ ਹੈ, ਅਜਿਹੇ ਮੁਦਰਾ ਡੰਨ ਲਈ ਭਾਗੀ ਹੋਵੇਗਾ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

(3) ਉਪ-ਧਾਰਾ (1) ਅਤੇ (2) ਦੇ ਅਧੀਨ ਨਿਆਂ ਨਿਰਣਤ ਕਰਨ ਦੇ ਪ੍ਰਯੋਜਨ ਲਈ, ਸਬੰਧਤ ਰਜਿਸਟਰੀਕਰਨ ਅਥਾਰਟੀ ਕੋਈ ਵੀ ਮੁਦਰਾ ਡੰਨ ਅਰੋਪਣ ਦੇ ਪ੍ਰਯੋਜਨ ਲਈ ਸਬੰਧਤ ਵਿਅਕਤੀ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਤੋਂ ਬਾਅਦ ਮੁਕੱਰਰ ਤਰੀਕੇ ਨਾਲ ਜਾਂਚ ਕਰੇਗੀ।

(4) ਜਾਂਚ ਕਰਦੇ ਸਮੇਂ, ਸਬੰਧਤ ਰਜਿਸਟਰੀਕਰਨ ਅਥਾਰਟੀ ਕੋਲ, ਮੁਕੱਦਮੇ ਦੇ ਤੱਥਾਂ ਅਤੇ ਹਾਲਾਤ ਤੋਂ ਜਾਣੂ ਵਿਅਕਤੀ ਨੂੰ ਸ਼ਹਾਦਤ ਦੇਣ ਜਾਂ ਕੋਈ ਦਸਤਾਵੇਜ਼ ਪੇਸ਼ ਕਰਨ ਲਈ ਤਲਬ ਕਰਨ ਅਤੇ ਹਾਜ਼ਰ ਕਰਵਾਉਣ ਦੀ ਸ਼ਕਤੀ ਹੋਵੇਗੀ ਜੋ ਸਬੰਧਤ ਰਜਿਸਟਰੀਕਰਨ ਅਥਾਰਟੀ ਦੀ ਰਾਏ ਵਿੱਚ, ਜਾਂਚ ਦੇ ਵਿਸ਼ਾ-ਵਸਤੂ ਲਈ ਉਪਯੋਗੀ ਜਾਂ ਸੁਸੰਗਤ ਹੋ ਸਕਦਾ ਹੈ, ਅਤੇ ਜੇ ਅਜਿਹੀ ਜਾਂਚ ਦੇ ਆਧਾਰ ਤੇ ਇਹ ਸੰਤੁਸ਼ਟੀ ਹੋ ਜਾਂਦੀ ਹੈ ਕਿ ਵਿਅਕਤੀ ਉਪ-ਧਾਰਾਵਾਂ (1) ਅਤੇ (2) ਵਿੱਚ ਉਲਿਖਤ ਕੀਤੇ ਗਏ ਉਪਬੰਧਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਿਹਾ ਹੈ ਤਾਂ ਇਹ ਹੁਕਮ ਦੁਆਰਾ ਉਕਤ ਉਪ-ਧਾਰਾਵਾਂ ਵਿੱਚ ਉਲਿਖਤ ਕੀਤੇ ਅਨੁਸਾਰ ਮੁਦਰਾ ਡੰਨ ਅਰੋਪ ਸਕਦੀ ਹੈ ਜੋ ਕਿ ਉਪ-ਧਾਰਾ (8) ਵਿੱਚ ਹਵਾਲਾ ਦਿੱਤੇ ਖਾਤੇ ਵਿੱਚ ਹੁਕਮ ਦੇ ਤੀਹ ਦਿਨਾਂ ਦੇ ਅੰਦਰ ਜਮ੍ਹਾਂ ਕੀਤਾ ਜਾਵੇਗਾ।

(5) ਮੁਦਰਾ ਡੰਨ ਦੀ ਮਾਤਰਾ ਨਿਰਧਾਰਤ ਕਰਦੇ ਸਮੇਂ, ਸਬੰਧਤ ਰਜਿਸਟਰੀਕਰਨ ਅਥਾਰਟੀ ਕਲੀਨਿਕਲ ਸਥਾਪਨਾ ਦੀ ਸ਼੍ਰੇਣੀ ਆਕਾਰ ਅਤੇ ਕਿਸਮ ਅਤੇ ਉਸ ਖੇਤਰ ਦੀਆਂ ਸਥਾਨਕ ਸ਼ਰਤਾਂ ਨੂੰ ਧਿਆਨ ਵਿੱਚ ਰੱਖੇਗੀ ਜਿੱਥੇ ਕਲੀਨਿਕਲ ਸਥਾਪਨਾ ਸਥਿਤ ਹੈ।

(6) ਸਬੰਧਤ ਰਜਿਸਟਰੀਕਰਨ ਅਥਾਰਟੀ ਦੇ ਫ਼ੈਸਲੇ ਤੋਂ ਦੁਖਤ ਕੋਈ ਵਿਅਕਤੀ ਪੰਜਾਬ ਰਾਜ ਅਪੀਲੀ ਅਥਾਰਟੀ ਨੂੰ ਅਜਿਹੇ ਸਮੇਂ ਦੇ ਅੰਦਰ ਅਪੀਲ ਕਰ ਸਕਦਾ ਹੈ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

(7) ਉਪ-ਧਾਰਾ (6) ਵਿੱਚ ਹਵਾਲਾ ਦਿੱਤੀ ਗਈ ਅਪੀਲ ਦਾਇਰ ਕਰਨ ਦਾ ਤਰੀਕਾ ਅਜਿਹਾ ਹੋਵੇਗਾ, ਜਿਵੇਂ ਮੁਕੱਰਰ ਕੀਤਾ ਗਿਆ ਹੈ।

(8) ਇਸ ਐਕਟ ਅਧੀਨ ਵਸੂਲ ਕੀਤੇ ਸਾਰੇ ਮੁਦਰਾ ਡੰਨ ਅਜਿਹੇ ਖਾਤੇ ਵਿੱਚ ਜਮ੍ਹਾਂ ਕੀਤੇ ਜਾਣਗੇ ਜਿਵੇਂ ਰਾਜ ਸਰਕਾਰ ਇਸ ਬਾਬਤ ਹੁਕਮ ਦੁਆਰਾ ਉਲਿਖਤ ਕਰੇ।

ਛੋਟੀਆਂ ਕਮੀਆਂ ਲਈ ਡੰਨ।

43. ਜੋ ਕੋਈ ਵੀ ਇਸ ਐਕਟ ਦੇ ਕਿਸੇ ਵੀ ਉਪਬੰਧ ਜਾਂ ਇਸ ਦੇ ਅਧੀਨ ਬਣਾਏ ਗਏ ਕਿਸੇ ਵੀ ਨਿਯਮ ਦੀ ਉਲੰਘਣਾ ਕਰਦਾ ਹੈ ਜਿਸ ਦੇ ਸਿੱਟੇ ਵਜੋਂ ਅਜਿਹੀਆਂ ਕਮੀਆਂ ਪੈਦਾ ਹੁੰਦੀਆਂ ਹਨ ਜੋ ਕਿਸੇ ਵੀ ਮਰੀਜ ਦੀ ਸਿਹਤ ਅਤੇ ਸੁਰੱਖਿਅਤਾ ਲਈ ਕੋਈ ਅਤਿ-ਨੇੜਲਾ ਖਤਰਾ ਨਹੀਂ ਬਣਦੀਆਂ ਅਤੇ ਜਿਨ੍ਹਾਂ ਨੂੰ ਇੱਕ ਵਾਜਬ ਸਮੇਂ ਦੇ ਅੰਦਰ ਦਰੁੱਸਤ ਕੀਤਾ ਜਾ ਸਕਦਾ ਹੈ, ਉਹ ਮੁਕੱਰਰ ਕੀਤੀ ਅਜਿਹੀ ਸਜ਼ਾ ਨਾਲ ਮੁਦਰਾ ਡੰਨ ਲਈ ਵੀ ਭਾਗੀ ਹੋਵੇਗਾ ਜੋ ਪਹਿਲੀ ਉਲੰਘਣਾ ਲਈ ਦਸ ਹਜਾਰ ਰੁਪਏ ਤੱਕ, ਦੂਜੀ ਉਲੰਘਣਾ ਲਈ ਪੰਜਾਹ ਹਜਾਰ ਰੁਪਏ ਤੱਕ ਅਤੇ ਬਾਅਦ ਵਿੱਚ ਕਿਸੇ ਉਲੰਘਣਾ ਲਈ ਇੱਕ ਲੱਖ ਰੁਪਏ ਤੱਕ ਹੋ ਸਕੇਗਾ।

ਕੰਪਨੀਆਂ ਦੁਆਰਾ ਉਲੰਘਣਾ।

44. (1) ਜਿੱਥੇ ਇਸ ਐਕਟ ਦੇ ਕਿਸੇ ਵੀ ਉਪਬੰਧ ਜਾਂ ਇਸ ਅਧੀਨ ਬਣਾਏ ਗਏ ਕਿਸੇ ਵੀ ਨਿਯਮ ਦੀ ਉਲੰਘਣਾ ਕਰਨ ਵਾਲਾ ਵਿਅਕਤੀ, ਇੱਕ ਕੰਪਨੀ ਹੈ, ਉੱਥੇ ਹਰੇਕ ਉਹ ਵਿਅਕਤੀ ਜੋ ਉਲੰਘਣਾ ਕਰਨ ਦੇ ਸਮੇਂ, ਕੰਪਨੀ ਦਾ ਇੰਚਾਰਜ ਸੀ ਅਤੇ ਕੰਪਨੀ ਦੇ ਕਾਰੋਬਾਰ ਦੇ ਸੰਚਾਲਨ ਲਈ ਕੰਪਨੀ ਪ੍ਰਤੀ ਜ਼ਿੰਮੇਵਾਰ ਸੀ, ਨਾਲ ਹੀ

ਕੰਪਨੀ ਖ਼ੁਦ ਨੂੰ, ਅਜਿਹੀ ਉਲੰਘਣਾ ਦਾ ਦੋਸ਼ੀ ਸਮਝਿਆ ਜਾਵੇਗਾ ਅਤੇ ਅਜਿਹਾ ਮੁਦਰਾ ਡੰਨ ਅਦਾ ਕਰਨ ਲਈ ਭਾਗੀ ਹੋਣਗੇ, ਜਿਵੇਂ ਮੁਕੱਰਰ ਕੀਤਾ ਜਾਵੇ:

ਪਰੰਤੂ ਇਸ ਉਪ-ਧਾਰਾ ਵਿੱਚ ਦਰਜ ਕੋਈ ਗੱਲ ਅਜਿਹੇ ਵਿਅਕਤੀ ਨੂੰ ਕਿਸੇ ਸਜ਼ਾ ਦਾ ਭਾਗੀ ਨਹੀਂ ਬਣਾਏਗੀ ਜੇਕਰ ਉਹ ਸਾਬਤ ਕਰ ਦਿੰਦਾ ਹੈ ਕਿ ਉਲੰਘਣਾ ਉਸ ਦੀ ਜਾਣਕਾਰੀ ਤੋਂ ਬਿਨ੍ਹਾਂ ਕੀਤੀ ਗਈ ਸੀ ਜਾਂ ਉਸ ਨੇ ਅਜਿਹੀ ਉਲੰਘਣਾ ਨੂੰ ਰੋਕਣ ਲਈ ਪੂਰੀ ਯੋਗ ਤਨਦਿਹੀ ਦੀ ਵਰਤੋਂ ਕੀਤੀ ਸੀ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੇ ਕਿਸੇ ਕੰਪਨੀ ਦੁਆਰਾ ਇਸ ਐਕਟ ਦੇ ਕਿਸੇ ਵੀ ਉਪਬੰਧ ਜਾਂ ਇਸ ਅਧੀਨ ਬਣਾਏ ਗਏ ਕਿਸੇ ਵੀ ਨਿਯਮ ਦੀ ਉਲੰਘਣਾ ਕੀਤੀ ਗਈ ਹੈ ਅਤੇ ਇਹ ਸਾਬਤ ਹੋ ਜਾਂਦਾ ਹੈ ਕਿ ਅਜਿਹੀ ਉਲੰਘਣਾ ਕਿਸੇ ਵੀ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਕੰਪਨੀ ਦੇ ਹੋਰ ਅਧਿਕਾਰੀ ਦੀ ਸਹਿਮਤੀ ਜਾਂ ਗੁੱਝੀ ਰਜ਼ਾਮੰਦੀ ਨਾਲ ਹੋਈ ਹੈ, ਜਾਂ ਉਨ੍ਹਾਂ ਵੱਲੋਂ ਕੀਤੀ ਕਿਸੇ ਉਪੇਖਿਆ ਕਾਰਨ ਹੋਈ ਹੈ, ਤਾਂ ਉੱਥੇ ਅਜਿਹੇ ਡਾਇਰੈਕਟਰ, ਮੈਨੇਜਰ, ਸਕੱਤਰ ਅਤੇ ਹੋਰ ਅਧਿਕਾਰੀ ਨੂੰ ਵੀ ਅਜਿਹੀ ਉਲੰਘਣਾ ਦਾ ਦੋਸ਼ੀ ਸਮਝਿਆ ਜਾਵੇਗਾ ਅਤੇ ਅਜਿਹਾ ਮੁਦਰਾ ਡੰਨ ਅਦਾ ਕਰਨ ਲਈ ਭਾਗੀ ਹੋਵੇਗਾ ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

ਵਿਆਖਿਆ.- ਇਸ ਧਾਰਾ ਦੇ ਪ੍ਰਯੋਜਨ ਲਈ,-

(ੳ) "ਕੰਪਨੀ" ਦਾ ਮਤਲਬ ਹੈ ਨਿਗਮ ਬੌਡੀ ਅਤੇ ਜਿਸ ਵਿੱਚ ਕੋਈ ਫਰਮ ਜਾਂ ਹੋਰ ਵਿਅਕਤੀਆਂ ਦੀ ਸਭਾ ਸ਼ਾਮਲ ਹੈ; ਅਤੇ

(ਅ) "ਡਾਇਰੈਕਟਰ", ਦਾ ਕਿਸੇ ਫਰਮ ਦੇ ਸਬੰਧ ਵਿੱਚ ਮਤਲਬ ਹੈ ਫਰਮ ਵਿੱਚ ਇੱਕ ਭਾਈਵਾਲ।

45. ਜਿੱਥੇ ਇਸ ਐਕਟ ਦੇ ਅਧੀਨ ਇੱਕ ਅਪਰਾਧ ਪੰਜਾਬ ਸਰਕਾਰ ਦੇ ਕਿਸੇ ਵਿਭਾਗ ਵੱਲੋਂ ਅਜਿਹੀ ਮੁੱਦਤ ਦੇ ਅੰਦਰ ਕੀਤਾ ਗਿਆ ਹੈ ਜਿਵੇਂ ਇਸ ਐਕਟ ਦੇ ਅਰੰਭ ਹੋਣ ਤੋਂ ਬਾਅਦ ਮੁਕੱਰਰ ਕੀਤਾ ਗਿਆ ਹੋਵੇ, ਤਾਂ ਉੱਥੇ ਅਜਿਹੇ ਵਿਭਾਗ ਦੁਆਰਾ ਨਿਯੋਜਤ ਜਾਂ ਲਗਾਏ ਗਏ ਸਬੰਧਤ ਸੇਵਾ ਪ੍ਰਦਾਤਾ ਨੂੰ ਅਜਿਹੇ ਅਪਰਾਧ ਦਾ ਦੋਸ਼ੀ ਸਮਝਿਆ ਜਾਵੇਗਾ ਅਤੇ ਇਸ ਐਕਟ ਦੇ ਉਪਬੰਧਾਂ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਅਨੁਸਾਰ ਉਸ ਵਿਰੁੱਧ ਕਾਰਵਾਈ ਕਰਨ ਅਤੇ ਦੰਡਤ ਕੀਤੇ ਜਾਣ ਲਈ ਭਾਗੀ ਹੋਵੇਗਾ: ਸਰਕਾਰੀ ਵਿਭਾਗਾਂ ਦੁਆਰਾ ਅਪਰਾਧ।

ਪਰੰਤੂ ਇਸ ਧਾਰਾ ਵਿੱਚ ਦਰਜ ਕੋਈ ਗੱਲ ਅਜਿਹੇ ਸੇਵਾ ਪ੍ਰਦਾਤਾ ਨੂੰ ਕਿਸੇ ਵੀ ਸਜ਼ਾ ਲਈ ਭਾਗੀ ਨਹੀਂ ਬਣਾਏਗੀ ਜੇ ਉਹ ਸਾਬਤ ਕਰ ਦਿੰਦਾ ਹੈ ਕਿ ਅਪਰਾਧ ਉਸ ਦੀ ਜਾਣਕਾਰੀ ਤੋਂ ਬਿਨਾਂ ਕੀਤਾ ਗਿਆ ਸੀ ਜਾਂ ਉਸ ਨੇ ਅਜਿਹੇ ਅਪਰਾਧ ਨੂੰ ਰੋਕਣ ਲਈ ਪੂਰੀ ਯੋਗ ਤਨਦਿਹੀ ਦੀ ਵਰਤੋਂ ਕੀਤੀ ਸੀ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੇ ਇਸ ਐਕਟ ਅਧੀਨ ਕੋਈ ਅਪਰਾਧ ਪੰਜਾਬ ਸਰਕਾਰ ਦੇ ਕਿਸੇ ਵਿਭਾਗ

ਦੁਆਰਾ ਕੀਤਾ ਗਿਆ ਹੈ ਅਤੇ ਇਹ ਸਾਬਤ ਹੋ ਜਾਂਦਾ ਹੈ ਕਿ ਅਪਰਾਧ ਕਿਸੇ ਸੇਵਾ ਪ੍ਰਦਾਤਾ ਦੁਆਰਾ ਕਿਸੇ ਅਧਿਕਾਰੀ ਦੀ ਸਹਿਮਤੀ ਜਾਂ ਗੁੱਝੀ ਰਜ਼ਾਮੰਦੀ ਨਾਲ ਕੀਤਾ ਗਿਆ ਹੈ, ਜਾਂ ਕਿਸੇ ਵੀ ਅਧਿਕਾਰੀ ਵੱਲੋਂ ਕੀਤੀ ਉਪੇਖਿਆ ਕਾਰਨ ਹੋਇਆ ਹੈ, ਤਾਂ ਉੱਥੇ ਅਜਿਹੇ ਅਧਿਕਾਰੀ ਨੂੰ ਵੀ ਉਸ ਅਪਰਾਧ ਦਾ ਦੋਸ਼ੀ ਸਮਝਿਆ ਜਾਵੇਗਾ ਅਤੇ ਇਸ ਐਕਟ ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਅਨੁਸਾਰ ਉਸ ਵਿਰੁੱਧ ਕਾਰਵਾਈ ਕਰਨ ਅਤੇ ਦੰਡਤ ਕੀਤੇ ਜਾਣ ਲਈ ਭਾਗੀ ਹੋਵੇਗਾ।

ਜੁਰਮਾਨੇ ਦੀ ਵਸੂਲੀ।

46. ਜੋ ਕੋਈ ਵੀ ਜੁਰਮਾਨਾ ਅਦਾ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਪੰਜਾਬ ਰਾਜ ਪਰਿਸ਼ਦ ਅਜਿਹੇ ਵਿਅਕਤੀ ਦੁਆਰਾ ਦੇਣਯੋਗ ਜੁਰਮਾਨੇ ਦੀ ਰਕਮ ਉਲਿਖਤ ਕਰਦੇ ਹੋਏ ਉਸ ਦੁਆਰਾ ਉਚਿਤ ਢੰਗ ਨਾਲ ਅਧਿਕਾਰਤ ਅਧਿਕਾਰੀ ਦੁਆਰਾ ਦਸਖ਼ਤ ਕੀਤਾ ਇੱਕ ਪ੍ਰਮਾਣ-ਪੱਤਰ ਤਿਆਰ ਕਰ ਸਕਦੀ ਹੈ ਅਤੇ ਇਸ ਨੂੰ ਉਸ ਜ਼ਿਲ੍ਹੇ ਦੇ ਕੁਲੈਕਟਰ ਨੂੰ ਭੇਜੇਗੀ ਜਿੱਥੇ ਅਜਿਹਾ ਵਿਅਕਤੀ ਕਿਸੇ ਸੰਪੱਤੀ ਦਾ ਮਾਲਕ ਹੈ ਜਾਂ ਰਹਿੰਦਾ ਹੈ ਜਾਂ ਆਪਣਾ ਕਾਰੋਬਾਰ ਕਰਦਾ ਹੈ, ਤਾਂ ਉੱਥੇ ਉਕਤ ਕੁਲੈਕਟਰ, ਅਜਿਹਾ ਪ੍ਰਮਾਣ-ਪੱਤਰ ਪ੍ਰਾਪਤ ਹੋਣ 'ਤੇ ਅਜਿਹੇ ਵਿਅਕਤੀ ਤੋਂ ਇਸ ਅਧੀਨ ਉਲਿਖਤ ਕੀਤੀ ਰਕਮ ਵਸੂਲਣ ਲਈ ਅਗਲੇਰੀ ਕਾਰਵਾਈ ਕਰੇਗਾ ਜਿਵੇਂ ਕਿ ਇਹ ਭੋਂ ਮਾਲੀਏ ਦਾ ਬਕਾਇਆ ਹੋਵੇ।

ਸ਼ਿਕਾਇਤ ਨਿਵਾਰਣ।

47. ਸ਼ਿਕਾਇਤ ਨਿਵਾਰਣ ਵਿਧੀ ਅਜਿਹੀ ਹੋਵੇਗੀ, ਜਿਵੇਂ ਮੁਕੱਰਰ ਕੀਤੀ ਗਈ ਹੋਵੇ, ਜਿੱਥੇ ਜਨਤਾ ਦਾ ਕੋਈ ਵੀ ਮੈਂਬਰ ਇਸ ਐਕਟ ਦੇ ਕਿਸੇ ਵੀ ਉਪਬੰਧ ਦੀ ਪਾਲਣਾ ਨਾ ਹੋਣ ਸਬੰਧੀ ਸ਼ਿਕਾਇਤ ਦਾਇਰ ਕਰ ਸਕਦਾ ਹੈ।

## ਅਧਿਆਏ VII

### ਫੁਟਕਲ

ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦੀ ਹਿਫ਼ਾਜ਼ਤ।

48. (1) ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਕਿਸੇ ਨਿਯਮ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਚਿਤਵਤ ਕਿਸੇ ਗੱਲ ਲਈ ਕਿਸੇ ਵੀ ਅਥਾਰਟੀ ਜਾਂ ਪੰਜਾਬ ਰਾਜ ਪਰਿਸ਼ਦ ਦੇ ਕਿਸੇ ਮੈਂਬਰ ਜਾਂ ਇਸ ਨਮਿੱਤ ਉਚਿਤ ਤੌਰ ਤੇ ਅਧਿਕਾਰਤ ਕਿਸੇ ਅਧਿਕਾਰੀ ਦੇ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ।

(2) ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਕਿਸੇ ਨਿਯਮ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੇ ਗਏ ਜਾਂ ਚਿਤਵਤ ਕਿਸੇ ਹਾਨੀ ਜਾਂ ਨੁਕਸਾਨ ਕਾਰਤ ਹੋਣ ਬਾਰੇ ਜਾਂ ਕਿਸੇ ਚੀਜ ਦੁਆਰਾ ਕਾਰਤ ਕੀਤੇ ਜਾਣ ਦੀ ਸੰਭਾਵਨਾ ਹੋਵੇ, ਰਾਜ ਸਰਕਾਰ ਦੇ ਕਿਸੇ ਵੀ ਅਧਿਕਾਰੀ ਵਿਰੁੱਧ ਕੋਈ ਦਾਵਾ ਜਾਂ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ।

ਵਿਵਰਣ ਦੇਣਾ ਆਦਿ।

49. ਹਰੇਕ ਕਲੀਨਿਕਲ ਸਥਾਪਨਾ, ਅਜਿਹੇ ਸਮੇਂ ਦੇ ਅੰਦਰ ਜਾਂ ਅਜਿਹੇ ਵਧੇ ਹੋਏ ਸਮੇਂ ਦੇ ਅੰਦਰ, ਜਿਵੇਂ ਕਿ ਇਸ ਨਮਿੱਤ ਮੁਕੱਰਰ ਕੀਤਾ ਗਿਆ ਹੋਵੇ, ਸਬੰਧਤ ਰਜਿਸਟਰੀਕਰਨ ਅਥਾਰਟੀ ਜਾਂ ਪੰਜਾਬ ਰਾਜ ਪਰਿਸ਼ਦ ਨੂੰ ਅਜਿਹੇ ਵਿਵਰਣ ਜਾਂ

ਅੰਕੜਾ ਅਤੇ ਹੋਰ ਜਾਣਕਾਰੀ ਅਜਿਹੇ ਤਰੀਕੇ ਨਾਲ ਮੁਹੱਈਆ ਕਰਵਾਏਗੀ ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

50. ਇਸ ਐਕਟ ਦੇ ਪੂਰਵਗਾਮੀ ਉਪਬੰਧਾਂ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਪੰਜਾਬ ਰਾਜ ਪਰਿਸ਼ਦ ਕੋਲ ਅਜਿਹੇ ਨਿਰਦੇਸ਼ ਜਾਰੀ ਕਰਨ ਦੀ ਸ਼ਕਤੀ ਹੋਵੇਗੀ, ਜਿਸ ਵਿੱਚ ਕਲੀਨਿਕਲ ਸਥਾਪਨਾਵਾਂ ਦੇ ਸਹੀ ਕੰਮਕਾਜ ਲਈ ਵਿਵਰਣ ਦੇਣਾ, ਅੰਕੜਾ ਅਤੇ ਹੋਰ ਜਾਣਕਾਰੀ ਮੁਹੱਈਆ ਕਰਨਾ ਸ਼ਾਮਲ ਹੈ, ਅਤੇ ਅਜਿਹੇ ਨਿਰਦੇਸ਼ ਬੰਧਨਕਾਰੀ ਹੋਣਗੇ। ਹਦਾਇਤਾਂ ਦੇਣ ਦੀ ਸ਼ਕਤੀ।

51. ਰਜਿਸਟਰੀਕਰਨ ਅਥਾਰਟੀਆਂ, ਪੰਜਾਬ ਰਾਜ ਪਰਿਸ਼ਦ ਅਤੇ ਪੰਜਾਬ ਰਾਜ ਅਪੀਲੀ ਅਥਾਰਟੀ ਦੇ ਕਰਮਚਾਰੀ, ਜਦੋਂ ਇਸ ਐਕਟ ਦੇ ਕਿਸੇ ਵੀ ਉਪਬੰਧ ਦੇ ਅਨੁਸਰਣ ਵਿੱਚ ਕੰਮ ਕਰਦੇ ਹਨ ਜਾਂ ਕੰਮ ਕਰਦੇ ਤਾਤਪਰਜਤ ਹਨ, ਤਾਂ ਭਾਰਤੀ ਦੰਡ ਸੰਘਤਾ ਦੀ ਧਾਰਾ 21 ਦੇ ਉਪਬੰਧਾਂ ਅਨੁਸਾਰ ਲੋਕ ਸੇਵਕ ਸਮਝੇ ਜਾਣਗੇ। ਰਜਿਸਟਰੀਕਰਨ ਅਥਾਰਟੀ ਦੇ ਕਰਮਚਾਰੀਆਂ ਆਦਿ, ਦਾ ਲੋਕ ਸੇਵਕ ਹੋਣਾ।

52. (1) ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ ਤਾਂ ਰਾਜ ਸਰਕਾਰ, ਇਸ ਤਰ੍ਹਾਂ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਅਜਿਹੇ ਉਪਬੰਧ ਬਣਾ ਸਕਦੀ ਹੈ ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾ ਹੋਣ ਜੋ ਉਸ ਨੂੰ ਉਸ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਜਾਂ ਉਚਿਤ ਜਾਪਦੇ ਹੋਣ: ਕਠਨਾਈਆਂ ਦੂਰ ਕਰਨ ਦੀ ਸ਼ਕਤੀ।

ਪਰੰਤੂ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਤੋਂ ਦੋ ਸਾਲਾਂ ਦੀ ਮੁੱਦਤ ਗੁਜ਼ਰਨ ਤੋਂ ਬਾਅਦ ਅਜਿਹਾ ਕੋਈ ਹੁਕਮ ਨਹੀਂ ਕੀਤਾ ਜਾਵੇਗਾ।

(2) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਹੁਕਮ ਇਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਜਲਦੀ ਹੋ ਸਕੇ, ਰਾਜ ਵਿਧਾਨ ਮੰਡਲ ਅੱਗੇ ਰੱਖਿਆ ਜਾਵੇਗਾ।

53. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕਦੀ ਹੈ। ਰਾਜ ਸਰਕਾਰ ਦੀ ਨਿਯਮ ਬਣਾਉਣ ਦੀ ਸ਼ਕਤੀ।

(2) ਇਸ ਐਕਟ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ। ਫਿਰ ਵੀ, ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਲੋਪ ਕੀਤੀ ਜਾਣੀ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਨਿਰਸਨ ਅਤੇ ਬਚਾਉ। 54. (1) ਪੰਜਾਬ ਕਲੀਨਿਕਲ ਸਥਾਪਨਾਵਾਂ (ਰਜਿਸਟਰੀਕਰਨ ਅਤੇ ਵਿਨਿਯਮ) ਆਰਡੀਨੈਂਸ, 2020 (2020 ਦਾ ਪੰਜਾਬ ਆਰਡੀਨੈਂਸ ਨੰ: 2), ਇੱਥੇ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਗਏ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੀਤੀ ਗਈ ਕੋਈ ਕਾਰਵਾਈ, ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਅਧੀਨ ਕੀਤੀ ਗਈ ਜਾਂ ਲਈ ਗਈ ਸਮਝੀ ਜਾਵੇਗੀ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ।

*3615/1-2026/Pb. Govt. Press, S.A.S. Nagar*